# ਸਮਤਾ

ਸਤੰਬਰ 1980 (ਅੰਕ 4)

ਸਰਪ੍ਰਸਤ: ਗੁਰਸ਼ਰਨ ਸਿੰਘ (1929-2011)
ਸੰਪਾਦਕ: ਅਮਰਜੀਤ ਚੰਦਨ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਸ਼ੈਲੇਸ਼ ਦੀ ਨਿੱਜੀ ਲਾਇਬ੍ਰੇਰੀ ਵਿੱਚੋਂ।

ਬਰ 1980

4

ਮੁੱਲ ਦੋ ਰੁਪਏ



ਪ੍ਰੀਆਲੀਨ

## ਇਸ ਅੰਕ ਵਿੱਚ

ਸੁਰੇਂਦਰ ਹੇਮ ਜਯੋਤੀ : ਜਮਹੂਰੀ ਘੋਲ ਦਾ ਸੰਗਰਾਮੀਆ 0 ਮੇਰੀ ਟਾਈਲਰ ਨਾਲ ਮੁਲਾਕਾਤ

ਕਵਿਤਾਵਾਂ :–ਮੰਗਲੇਸ਼ ਡਬਰਾਲ, ਲਾਲ ਸਿੰਘ ਦਿਲ

ਕਹਾਣੀਆਂ :–ਸ਼ਿਵਚਰਨ ਗਿੱਲ, ਅਹਿਮਦ ਨਦੀਮ ਕਾਸਮੀ

ਲੇਖ :–ਡਾ. ਯਸ਼ਦੀਪ ਸਿੰਘ ਬੈਂਸ, ਗੁਰਦਿਆਲ ਦਲਾਲ

ਨਾਟਕ ਤੇ ਹੋਰ ਸਥਾਈ ਫੀਚਰ

# ਐਡੀਟਰੀ

ਸਮਤਾ ਦਾ ਚੌਥਾ ਅੰਕ ਪਾਠਕਾਂ ਦੇ ਹੱਥਾਂ ਵਿਚ ਹੈ ।

ਰਿਸਾਲੇ ਬਾਰੇ ਮਿਲੇ ਪ੍ਰਤੀਕਰਮਾਂ ਨੂੰ ਵੇਖਦੇ ਹੋਏ, ਅਸੀਂ ਇਹ ਸਪਸ਼ਟ ਕਰ ਦੇਣਾ ਚਾਹੁੰਦੇ ਹਾਂ ਕਿ ਸਮਤਾ ਪ੍ਰਗਤੀਵਾਦੀ ਸਾਹਿੱਤਕ ਪਰਚਾ ਹੈ ਜਿਸ ਦਾ ਕੰਮ ਸਹੀ ਪ੍ਰਕਾਰ ਦੇ ਸਾਹਿਤ ਦੀ ਉਸਾਰੀ ਲਈ ਲਗਾਤਾਰ ਯਤਨ ਕਰਨਾ ਅਤੇ ਸਾਹਿਤ ਦੇ ਮਾਧਿਅਮ ਨਾਲ ਲੋਕਾਂ ਨੂੰ ਚੇਤੰਨ ਕਰਨਾ ਹੈ । ਇਸ ਲਈ ਤਿੰਨ ਢੰਗ ਵਰਤੇ ਜਾ ਰਹੇ ਹਨ। ਪਹਿਲਾ ਸਾਹਿਤਕ ਰੂਪਾਂ (ਕਵਿਤਾ, ਕਹਾਣੀਆਂ, ਨਾਟਕ) ਦਾ ਪ੍ਰਕਾਸ਼ਨ । ਦੂਸਰਾ ਸਾਹਿਤ ਸੰਬੰਧੀ ਮਸਲਿਆਂ ਬਾਰੇ ਸਹੀ ਨਜ਼ਰੀਏ ਦਾ ਵਿਕਾਸ ਕਰਨਾ ਤੇ ਅੰਤ ਵਿੱਚ ਇਤਿਹਾਸਕ ਵਿਰਾਸਤ ਬਾਰੇ ਸਹੀ ਸੂਝ ਪੈਦਾ ਕਰਨ ਲਈ ਯਤਨ ਕਰਨੇ । ਵਿਰਾਸਤ ਦਾ ਸੰਬੰਧ ਪ੍ਰਗਤੀਵਾਦੀ ਸਾਹਿਤ ਨਾਲ ਅਹਿਮ ਹੈ, ਇਸ ਲਈ ਇਸ ਬਾਰੇ ਸਹੀ ਸਮਝ ਪ੍ਰਗਤੀ-ਵਾਦੀ ਸਾਹਿਤ ਨੂੰ ਸੰਵਾਰਨ ਤੇ ਤਿਖੇਰਾ ਕਰਨ ਵਿਚ ਸਹਾਈ ਹੋਵੇਗੀ । ਵੈਸੇ ਵੀ ਭੂਤ ਦੀ ਸਮਝ ਵਰਤਮਾਨ ਨੂੰ ਸਮਝ ਤੇ ਭਵਿਖ ਨੂੰ ਬਦਲਣ ਲਈ ਜ਼ਰੂਰੀ ਹੈ । ਇਸ ਨਾਲ ਹੀ ਸਹੀ ਸਿਆਸੀ ਲੋਕ ਲਹਿਰ ਦਾ ਹੋਣਾ ਵੀ ਜ਼ਰੂਰੀ ਹੈ ।

ਇਸ ਅੰਕ ਵਿਚ ਅਸੀਂ ਮੇਰੀ ਟਾਈਲਰ ਨਾਲ ਲਈ ਗਈ ਇੰਟਰਵੀਊ ਪ੍ਰਕਾਸ਼ਿਤ ਕਰ ਰਹੇ ਹਾਂ, ਜਿਸ 'ਚੋਂ ਕਈ ਅਹਿਮ ਨੁਕਤੇ ਉੱਭਰਦੇ ਹਨ । ਮੇਰੀ ਟਾਈਲਰ ਆਪਣੇ ਦੇਸ਼ ਵਿਚ ਅਧਿਆਪਕਾ ਸੀ । ਉਸ ਦੀ ਅਮਲੇਂਦੂ ਸੇਨ ਨਾਲ ਜਾਣ ਪਛਾਣ ਜਰਮਨ ਵਿਚ ਹੋਈ ਸੀ, ਜੋ ਇੰਜੀਨੀਅਰ ਸੀ ਅਤੇ ਨਕਸਲਬਾੜੀ ਲਹਿਰ ਤੋਂ ਪ੍ਰਭਾਵਿਤ ਨੌਜਵਾਨ ਸੀ । ਜਨਵਰੀ 1970 ਵਿਚ ਉਹ ਭਾਰਤ ਆਈ । ਕੁਝ ਸਮਾਂ ਬਾਅਦ ਉਸ ਦਾ ਵਿਆਹ ਅਮਲੇਂਦੂ ਨਾਲ ਹੋਇਆ । ਭਾਰਤੀ ਲੋਕਾਂ ਦੀ ਸਹੀ ਹਾਲਤ ਜਾਨਣ ਲਈ ਉਸ ਨੇ ਪਿੰਡਾਂ ਵਿਚ ਘੁੰਮਣਾ ਸ਼ੁਰੂ ਕੀਤਾ । ਪਰ ਮਈ 1970 ਵਿਚ ਉਸ ਨੂੰ ਸਿੰਘਭੂਮ (ਬਿਹਾਰ) ਦੇ ਦਿਹਾਤੀ ਇਲਾਕੇ ਤੋਂ ਗ੍ਰਿਫ਼ਤਾਰ ਕਰ ਲਿਆ ਗਿਆ । 3 ਅਪ੍ਰੈਲ 1973 ਤਕ ਉਸ ਨੂੰ ਕਿਸੇ ਵੀ ਮਜਿਸਟਰੇਟ ਸਾਹਮਣੇ ਪੇਸ਼ ਨਾ ਕੀਤਾ ਗਿਆ । ਬਾਅਦ ਵਿਚ ਵੀ ਉਸ ਦੇ ਕੇਸ ਨੂੰ ਜਾਣ-ਬੁਝ ਕੇ ਲਮਕਾਇਆ ਗਿਆ । ਅੰਤ ਪੰਜਾਂ ਸਾਲਾਂ ਬਾਅਦ ਜੁਲਾਈ 1975 ਵਿਚ ਉਸ ਨੂੰ ਜਹਾਜ਼ ਵਿਚ ਬੈਠਾ ਕੇ ਉਸ ਦੇ ਦੇਸ ਭੇਜ ਦਿਤਾ ਗਿਆ । ਕੈਦ ਦੌਰਾਨ ਉਹ ਚਾਈਬਾਸਾ, ਹਜ਼ਾਰੀਬਾਗ ਤੇ ਜਮਸ਼ੇਦਪੁਰ ਦੀਆਂ ਜੇਲ੍ਹਾਂ ਵਿਚ ਰਹੀ । ਜ਼ੁਲਮ ਤੇ ਤਸ਼ੱਦਦ ਦੀ ਜੋ ਤਸਵੀਰ ਉਸ ਨੇ ਵੇਖੀ, ਉਸ ਨੂੰ ਬੜੀ ਈਮਾਨਦਾਰੀ ਨਾਲ ਆਪਣੀ ਪੁਸਤਕ ਵਿਚ ਪੇਸ਼ ਕੀਤਾ ।

ਬੁਰਜੁਆਜ਼ੀ ਕਈ ਢੰਗਾਂ ਨਾਲ ਪ੍ਰਗਤੀਸ਼ੀਲ ਵਿਚਾਰਧਾਰਾ ਨੂੰ ਧੁੰਦਲਾਉਣ ਦੀ ਲਗਾਤਾਰ ਕੋਸ਼ਿਸ਼ ਕਰਦੀ ਹੈ। ਬਹੁਤੀ ਵੇਰ ਤਾਂ ਸਾਨੂੰ ਇਸ ਦਾ ਅਹਿਸਾਸ ਹੀ ਨਹੀਂ ਹੁੰਦਾ ਤੇ ਸਿੱਟੇ ਵਜੋਂ ਅਸੀਂ ਇਸ ਦੀ ਵਕਾਲਤ ਵੀ ਕਰਨ ਲਗ ਪੈਂਦੇ ਹਾਂ । ਪਰਿਣਾਮਵਾਦ ਵੀ ਅਜੇਹਾ ਬੁਰਜੁਆ ਦਰਸ਼ਨ ਹੈ ਜੋ ਲਗਾਤਾਰ ਇਨਕਲਾਬੀ ਚੇਤਨਾ ਨੂੰ ਧੁੰਦਲਾਉਂਦਾ ਹੈ । ਇਸ ਅਨੁਸਾਰ ਕਿਸੇ ਕਰਮ ਦਾ ਸਿੱਟਾ ਹੀ ਉਸ ਕਰਮ ਦੇ ਸਹੀ ਹੋਣ ਦਾ ਪ੍ਰਮਾਣ ਹੈ । ਇਸ ਨਾਲ ਜੁੜੀਆਂ ਕਈ ਪ੍ਰਵਿਰਤੀਆਂ ਤੇ ਝੁਕਾਅ ਸਾਡੇ ਸਾਹਿਤ ਵਿਚ ਵੀ ਨਜ਼ਰ ਆਉਂਦੇ ਹਨ ਜਿਵੇਂ ਵਿਅਕਤੀਵਾਦ, ਅਮੂਰਤ ਦਲੇਰੀ ਤੇ ਵੀਰਭਾਵਨਾ, ਕੁਰਬਾਨੀ ਦਾ ਜਜ਼ਬਾ ਆਦਿ । ਇਸੇ ਤਰ੍ਹਾਂ ਸਮਾਜਿਕ ਵਿਕਾਸ ਕਰਮ ਤੋਂ ਤੋੜ ਕੇ ਚਿਤਰੀ ਗਈ ਦੱਬੇ ਕੁਚਲੇ ਲੋਕਾਂ ਤੇ ਮੰਦਹਾਲੀ, ਕਿਸੇ ਤਰ੍ਹਾਂ ਵੀ ਉਸਾਰੂ ਨਹੀਂ ਹੋ ਸਕਦੀ । ਇਸ ਪਰਿਣਾਮਵਾਦੀ ਫਲਸਫੇ ਬਾਰੇ ਡਾ: ਯਸ਼ਦੀਪ ਸਿੰਘ ਬੈਂਸ ਦਾ ਲੇਖ ਇਸ ਅੰਕ ਵਿਚ ਪੇਸ਼ ਹੈ ।

ਅਗਲੇ ਅੰਕ ਵਿਚ ਭਗਤ ਸਿੰਘ ਤੇ ਗਦਰ ਪਾਰਟੀ ਦੇ ਸੰਬੰਧ ਵਿਚ ਇਕ ਲੇਖ ਦੇਵਾਂਗੇ ।

ਅਦਾਰਾ ਸਮਤਾ ਜਨਤਕ ਸਾਹਿਤਕ ਪਰਚੇ ਹੇਮ ਜਯੋਤੀ ਦੇ ਸੰਪਾਦਕ ਸੁਰੇਂਦਰ ਦੀ ਮੌਤ 'ਤੇ ਗਹਿਰਾ ਦੁ ਪ੍ਰਗਟ ਕਰਦਾ ਹੈ ਤੇ ਉਹਨਾਂ ਦੇ ਪਰਿਵਾਰ ਨਾਲ ਦਿਲੀ ਹਮਦਰਦੀ ਪ੍ਰਗਟਾਉਂਦਾ ਹੈ । O

---

ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਵਾਸਤੇ ਕੈਲਾਸ਼ ਕੌਰ – ਗੁਰਸ਼ਰਨ ਸਿੰਘ ਨੇ ਛਪਵਾਇਆ ਤੇ ਪ੍ਰਕਾਸ਼ਤ ਕੀਤਾ। ਛਪਾਈ ਰੈਕਸੋਨਾ ਪ੍ਰਿੰਟਰਜ਼, 14 ਭਾਈ ਵੀਰ ਸਿੰਘ ਮਾਰਕੀਟ, ਪੁਤਲੀਘਰ ਅੰਮ੍ਰਿਤਸਰ ਵਿਚ ਹੋਈ । ਪ੍ਰਬੰਧਕੀ ਸਰਨਾਮਾ : ਗੁਰੂ ਖ਼ਾਲਸਾ ਨਿਵਾਸ, ਡਾਕਖਾਨਾ ਖ਼ਾਲਸਾ ਕਾਲਜ, ਅੰਮ੍ਰਿਤਸਰ 143002

ਸੰਪਾਦਕ : ਅਮਰਜੀਤ ਚੰਦਨ

ਵਾਰਸ਼ਿਕ ਚੰਦਾ : 20 ਰੁਪਏ, ਵਿਦੇਸ਼ 60 ਰੁਪਏ

# ਬਰਤਾਨੀਆ ਵਿਚ ਹੋਏ
# ਵਿਸ਼ਵ ਪੰਜਾਬੀ ਸਾਹਿਤ ਸੰਮੇਲਨ ਦੀ ਰਪਟ

ਜੂਨ 1980 ਵਿਚ ਹੋਏ ਵਿਸ਼ਵ ਪੰਜਾਬੀ ਸੰਮੇਲਨ ਬਾਰੇ ਕਈ ਕਿਸਮ ਦੇ ਪ੍ਰਤੀਕਰਮ ਆਏ ਹਨ। ਕੁਝ ਕਹਿੰਦੇ ਹਨ ਕਿ ਇਹ ਕਾਰਜ ਸਫਲ ਨਹੀਂ ਹੋਇਆ ਕਿਉਂ ਕਿ ਫਲਾਨੇ ਫਲਾਨੇ ਵਿਅਕਤੀ ਬੁਲਾਏ ਨਹੀਂ ਸਨ ਗਏ। ਕੁਝ ਦਾ ਖਿਆਲ ਹੈ ਕਿ ਸਮਾਗਮ ਬਹੁਤ ਕਾਮਯਾਬ ਰਿਹਾ ਕਿਉਂਕਿ ਉਹਨਾਂ ਨੇ ਉਥੇ ਜਾ ਕੇ ਕਮਾਲ ਕਰ ਵਖਾਈ ਸੀ। ਦਰਅਸਲ ਵਿਅਕਤੀਤਵ ਦੀ ਗਲ ਭਾਵੇਂ ਕਿਸੇ ਰੂਪ ਵਿਚ ਵੀ ਆਵੇ ਗਲਤ ਹੈ। ਇਹ ਸਮਾਗਮ ਸਮੂਹ ਪੰਜਾਬੀਆਂ ਦੀ ਚੇਤਨਾ ਅਤੇ ਪੰਜਾਬੀ ਆਪ-ਨੁਹਾਰ ਨੂੰ ਨਿਖਾਰਨ ਦਾ ਉੱਦਮ ਸੀ। ਇਸ ਵਿਚ ਜੇ ਕੁਝ ਵਿਅਕਤੀਆਂ ਨੇ ਹਿੱਸਾ ਪਾਇਆ ਤਾਂ ਚੰਗੀ ਹੀ ਗੱਲ ਹੈ। ਜੇ ਕੁਝ ਆਦਮੀ ਸ਼ਾਮਿਲ ਨਹੀਂ ਹੋ ਸਕੇ ਤਾਂ ਉਹ ਭੱਵਿੱਖ ਵਿਚ ਆਪਣੇ ਆਪ ਨੂੰ ਜਤਨਸ਼ੀਲ ਕਰ ਸਕਦੇ ਹਨ। ਕਿਸੇ ਵੀ ਮਹਾਨ ਕਾਰਜ 'ਚ ਵਿਅਕ-ਤੀਆਂ ਦੀ ਬਹੁਤੀ ਮਹੱਤਾ ਨਹੀਂ ਹੁੰਦੀ।

ਇਹ ਗੱਲ ਇਥੋਂ ਦੇ ਪ੍ਰਤੀਕਰਮ ਬਾਰੇ ਜਿੰਨੀ ਸੱਚੀ ਹੈ, ਉੱਨੀ ਹੀ ਸਮਾਗਮ ਵਿਚ ਹਿੱਸਾ ਲੈਣ ਵਾਲਿਆਂ ਦੇ ਭਾਵਾਂ ਬਾਰੇ ਸਹੀ ਹੈ। ਕਈ ਸੱਜਣਾਂ ਨੇ ਤਾਂ ਸਮਾਗਮ ਵਿਚ ਮੂੰਹ ਤਕ ਨਹੀਂ ਵਖਾਇਆ ਅਤੇ ਰੂ-ਪੋਸ਼ ਰਹਿੰਦੇ ਹੋਏ ਹੀ ਇਸ ਨੂੰ ਮਾੜਾ ਚੰਗਾ ਕਹਿੰਦੇ ਰਹੇ। ਕਈਆਂ ਨੇ ਇਕ-ਅੱਧਾ ਦਿਨ ਆਪਣੀ ਡੁਗਡੁਗੀ ਵਜਾਈ ਅਤੇ ਹਿੰਦੁਸਤਾਨ ਪਰਤ ਕੇ ਬਿਆਨ-ਬਾਜ਼ੀ ਕਰਨ ਲਗ ਪਏ। ਕੁਝ ਇਕ-ਦੋ ਦੋਸਤ ਉਹਨਾਂ ਮਾੜੇ ਖਿਡਾਰੀਆਂ ਵਰਗੇ ਹਨ ਜਿਹਨਾਂ ਦਾ ਬਾਲ ਨੂੰ ਇਕ-ਅੱਧਾ ਪੈਰ ਹੀ ਲੱਗਿਆ ਹੁੰਦਾ ਹੈ, ਪਰ ਖੇਡ ਨੂੰ ਮਾੜਾ ਕਹਿਣ ਲੱਗ ਪੈਂਦੇ ਹਨ। ਜੇ ਕਿਸੇ ਨੇ ਸਮਾਗਮ ਵਿਚ ਦੋ ਅੱਖਰ ਸੁਣੇ ਨਹੀਂ, ਤੇ ਇਕ ਅੱਖਰ ਬੋਲਿਆ ਨਹੀਂ, ਉਹਦੇ ਲਈ ਇਸ ਤੋਂ ਅਸੰਤੁਸ਼ਟ ਹੋਣਾ ਸੁਭਾਵਕ ਹੈ। ਇਸ ਗੱਲ ਦਾ ਅੰਦਾਜ਼ਾ ਡਾ: ਦਲੀਪ ਕੌਰ ਟਿਵਾਣਾ ਦੀ ਰਣਜੀਤ ਧੀਰ ਨੂੰ ਮੁਬਾਰਕ ਬਾਦ ਤੋਂ ਪਤਾ ਲੱਗ ਜਾਂਦਾ ਹੈ ਕਿ 'ਸਮਾਗਮ ਬੜਾ ਕਾਮਯਾਬ ਰਿਹਾ' ਤਾਂ ਉਸ ਦਾ ਜਵਾਬ ਸੀ 'ਤੁਹਾਨੂੰ ਕਿਥੋਂ ਪਤਾ ਲੱਗ ਗਿਆ ? ਤੁਸੀਂ ਤਾਂ ਪੰਦਰਾਂ ਦਿਨਾਂ ਵਿਚ ਘੰਟਾ ਹੀ ਦਰਸ਼ਨ ਦਿਤੇ ਹਨ।

ਕਾਨਫਰੰਸ ਵਿਚ ਕਈ ਬੌਧਿਕ ਨੁਕਤੇ ਵੀ ਸਾਹਮਣੇ ਆਏ। ਪਾਕਿਸਤਾਨੀ ਤੇ ਹਿੰਦੁਸਤਾਨੀ ਪੰਜਾਬੀ ਨੂੰ ਇਕ ਕਰਨ ਦੀ ਗੱਲ ਐਵੇਂ ਭਾਵੁਕ ਪ੍ਰਤੀਕਰਮ ਹੈ। ਇਹਨਾਂ ਦੋਨਾਂ ਪੰਜਾਬੀਆਂ ਨੇ ਇਕ ਤਾਂ ਕੀ ਹੋਣਾ ਹੈ ਸਗੋਂ ਤੀਸਰੀ ਯਾਨੀ ਬਰਤਾਨਵੀਂ ਪੰਜਾਬੀ ਦਾ ਮੁਹਾਂਦਰਾ ਬਣ ਰਿਹਾ ਹੈ। ਲੋੜ ਇਹਨਾਂ ਪੰਜਾਬੀਆਂ ਨੂੰ ਆਪਣੇ ਆਪਣੇ ਦੇਸ਼ਾਂ ਦੇ ਸਮਾਜੀ ਅਨੁਭਵ ਨੂੰ ਉਲੀਕਣ ਦੇ ਯੋਗ ਬਣਾਉਣਾ ਹੈ ਤਾਂ ਜੋ ਵੱਖ ਵੱਖ ਪੰਜਾਬੀ ਲੋਕਾਂ ਦੀ ਆਪਾ-ਪਛਾਣ ਲਈ ਸ਼ੀਸ਼ੇ ਦਾ ਕੰਮ ਕਰ ਸਕੇ ਅਤੇ ਵੱਖੋ ਵੱਖਰਾ ਪੰਜਾਬੀ ਸਾਹਿਤ ਬਿਹਤਰ ਜਿੰਦਗੀ ਲਈ ਪ੍ਰੇਰਣਾ ਬਣ ਸਕੇ। ਹਿੰਦੁਸਤਾਨੀ ਪੰਜਾਬੀ ਨੇ ਭਾਵੇਂ ਸਭ ਤੋਂ ਵੱਧ ਤਰੱਕੀ ਕੀਤੀ ਹੈ, ਪਰ ਇਸ ਵਿਚ ਬੁੱਧੀਮਾਨਤਾ ਨੂੰ ਪ੍ਰਗਟਾਉਣ ਦੀ ਪੂਰੀ ਸਮਰੱਥਾ ਨਹੀਂ ਆ ਸਕੀ। ਸਾਡੇ ਬੁੱਧੀਮਾਨ ਵੀ ਭਾਸ਼ਾਈ ਕਮਜ਼ੋਰੀ ਕਾਰਨ ਆਪਣੇ ਬੋਧ ਦੀ ਨਾ ਤਾਂ ਪਾਠਕਾਂ ਨਾਲ ਸਾਂਝ ਪਾਉਂਦੇ ਹਨ ਤੇ ਨਾ ਉਹ ਇਸ ਦੇ ਸੰਚਾਰ ਦੇ ਕਾਬਲ ਹਨ। ਸਾਨੂੰ ਆਪਣੀ ਬੌਧਿਕ ਸੁਤੰਤਰਤਾ ਪ੍ਰਾਪਤ ਕਰਨ ਲਈ ਆਪਣੀ ਭਾਸ਼ਾਈ ਹੀਣਤਾ ਨੂੰ ਦੂਰ ਕਰਨਾ ਪਵੇਗਾ। ਵੱਖ ਵੱਖ ਦੇਸ਼ਾਂ ਦੇ ਪੰਜਾਬੀਆਂ ਨੂੰ ਇਕ ਦੂਸਰੇ ਦੇ ਨੇੜੇ ਲਿਆਉਣ ਦਾ ਇਕੋ ਇਕ ਤਰੀਕਾ ਇਹੀ ਹੈ ਕਿ ਅਸੀਂ ਇਕ ਦੂਸਰੇ ਦੀਆਂ ਰਚਨਾਵਾਂ ਪੜ੍ਹਦੇ ਰਹੀਏ। ਇਸ ਦੇ ਨਾਲ ਭਾਵੇਂ ਅਸੀਂ ਉਹਨਾਂ ਦੀ ਸ਼ਬਦਾਵਲੀ ਨਾ ਵੀ ਵਰਤੀਏ,

ਪਰ ਅਸੀਂ ਉਸ ਨੂੰ ਸਮਝ ਤਾਂ ਸਕਾਂਗੇ ।

ਦੂਸਰਾ ਅਹਿਮ ਨੁਕਤਾ ਇਹ ਸੀ ਕਿ ਪੰਜਾਬੀ ਘੱਟ ਗਿਣਤੀ ਨੂੰ ਦੂਨੀਆਂ ਦੀਆਂ ਦੂਸਰੀਆਂ ਘੱਟ-ਗਿਣਤੀਆਂ ਨਾਲ ਤਾਲਮੇਲ ਪੈਦਾ ਕਰਨਾ ਚਾਹੀਦਾ ਹੈ ਭਾਵੇਂ ਸਿਆਸੀ ਤੌਰ ਤੇ ਸਮਾਜਵਾਦੀ ਇਨਕਲਾਬ ਦੁਨੀਆਂ ਦੀ ਮੁਖ ਸਿਆਸੀ ਸਮੱਸਿਆ ਹੈ, ਪਰ ਵਿਸ਼ਵ ਪੱਧਰ ਤੇ ਘੱਟ-ਗਿਣਤੀ ਲੋਕਾਂ ਦੀਆਂ ਮੁਸ਼ਕਲਾਂ, ਉਹਨਾਂ ਦਾ ਮਨੋਵਿਗਿਆਨ ਤੇ ਆਦਰਸ਼ ਮੁਖ ਸਮਾਜੀ ਸਮੱਸਿਆ ਹੈ। ਘੱਟ ਗਿਣਤੀ ਦੇ ਚਿੰਤਨ ਦਾ ਵਿਕਾਸ ਸਾਰੇ ਪੰਜਾਬੀਆਂ ਦੀ ਜ਼ਿੰਮੇਵਾਰੀ ਹੈ। ਅਸੀਂ ਵਿਸ਼ਵ ਪੱਧਰ 'ਤੇ ਚਿੰਤਨ ਦੇ ਹਾਲੀ ਭਾਵੇ ਯੋਗ ਨਾ ਵੀ ਹੋਈਏ ਪਰ ਅਜੇਹੇ ਫਰਜ਼ ਤੋਂ ਮੁਨਕਰ ਹੋਣਾ ਮੁਸ਼ਕਲ ਹੈ।

ਵਿਸ਼ਵ ਸਮਾਗਮ ਵਿਚ ਗੰਭੀਰ ਮਜ਼ਾਹ ਵੀ ਸਾਹਮਣੇ ਆਇਆ। ਦੋ ਸੱਜਣ ਅਜੇਹੇ ਸਨ ਜਿਹੜੇ ਇਕੋ ਸਾਹ ਮਾਰਕਸਵਾਦ ਦੇ ਆਲਮ-ਫਾਜ਼ਲ ਬਣਕੇ ਸਿੱਖ ਸਟੇਟ ਦੀ ਚਿੰਤਾ ਪ੍ਰਗਟ ਕਰਦੇ ਰਹਿੰਦੇ ਸਨ। ਇਕ ਦਿਨ ਇਹ ਰਤਾ ਕੁ ਲੇਟ ਹੋ ਗਏ। ਤਾਂ ਪਾਕਿਸਤਾਨੀ ਲਿਖਾਰੀ ਮਖਦੂਮ ਫ਼ਸਲੀ ਲਫ਼ਜ਼ ਨੂੰ ਜਾਣ ਕੇ ਛੱਡਦਾ ਪੁੱਛਣ ਲੱਗਾ, "ਕਿਉਂ ਜੀ, ਚੰਡੀਗੜ੍ਹ ਦੇ ਬਟੇਰੇ ਨਹੀਂ ਆਏ ?" ਇਕ ਵਿਦਵਾਨ ਧੱਕੇ ਨਾਲ ਆਪਣਾ ਪਰਚਾ ਪੜ੍ਹਨ ਦੇ ਬ-ਜ਼ਿੱਦ ਸੀ, ਤੇ ਪ੍ਰਬੰਧਕ ਕਹਿੰਦੇ ਕਿ ਇਹਦਾ ਪਰਚਾ **inter-com** ਤੇ ਪੜ੍ਹ ਦੇਂਦੇ ਹਾਂ ਤਾਂ ਜੋ ਹੋਟਲ ਦਿਆਂ ਕਮਰਿਆਂ ਵਿਚ ਬੈਠੇ ਲਿਖਾਰੀ ਆਪਣੀ ਮਰਜ਼ੀ ਅਨੁਸਾਰ ਇਸਨੂੰ ਸੁਣਨ ਜਾ ਨਾ ਸੁਣਨ, ਜਾਂ ਰੌਲਾ ਪਾਈ ਜਾਣ। ਸਮਾਗਮ ਵਿਚ ਗੁਰਦਵਾਰਿਆਂ ਦੀ ਪ੍ਰਾਹੁਣਾਚਾਰੀ ਬਹੁਤ ਸੀ ਅਤੇ ਕ… ਸਿੰਘ ਬੋਲੇ ਸੋ ਨਿਹਾਲ ਵੀ ਬੁਲਾ ਦੇਂਦੇ ਸਨ। ਜਿ… ਤੋਂ ਸ਼ਰੀਫ ਕੁੰਜਾਹੀ ਤੰਗ ਆ ਕੇ ਕਹਿੰਦਾ "ਜਦ ਤੁਸੀਂ ਪਾਕਿਸਤਾਨ ਆਏ ਤਾਂ ਅਸੀਂ ਤੁਹਾਡੇ ਕੋਲੋਂ ਪੰ… ਨਮਾਜ਼ਾਂ ਪੜ੍ਹਵਾਇਆ ਕਰਾਂਗੇ।" ਇਹ ਗੱਲ ਸੁਣਕੇ ਸ਼ੇਰ ਜੰਗ ਕਹਿੰਦਾ, "ਜੇ ਸਾਡੀਆਂ ਸੁਨਤਾਂ ਕਰਵਾ ਦਿਓ ਤਾਂ ਹੋਰ ਵੀ ਚੰਗਾ ਹੈ।" ਇੰਜ ਹੀ ਮੈਨਚੈਸਟਰ ਦੀ ਇਸਲਾਮੀ ਅਕੇਦਮੀ ਤੋਂ ਨਿਕਲ ਕੇ ਜਦ ਡੈਲੀਗੇਟ ਗੁਰਦਵਾਰੇ ਨੂੰ ਜਾਣ ਲਗੇ ਤਾਂ ਕੋਈ ਕਹਿੰਦਾ-"… ਕੁਏ ਯਾਰ ਸੇ ਨਿਕਲੇ ਤਾਂ ਕੋਈ ਸੂਏ ਯਾਰ ਚਲੇ।" ਸੇਖੋਂ ਸਾਹਬ ਨੂੰ ਪੂਰੀਆਂ ਦਾ ਜੋੜਾ ਖਿੱਚ ਕੇ ਆਪਣੇ ਘਰ ਲੈ ਗਿਆ ਜਿਥੇ ਉਹ ਸਿਖਰ ਸੰਤੋਖ ਅਰਥਾਤ **Sexology** ਦਾ ਵੀ ਕਾਰੋਬਾਰ ਕਰਦੇ ਹਨ ਤਾਂ ਦੂਸਰੇ ਦਿਨ ਲੋਕਾਂ ਨੇ ਉਹਨਾਂ ਨੂੰ ਸੰਤ ਸਿੰਘ ਦੀ ਥਾਂ ਸਿਖਰ ਸੰਤੋਖ ਸੇਖੋਂ ਕਹਿਣਾ ਸ਼ੁਰੂ ਕਰ ਦਿਤਾ। ਕਾਨਫਰੰਸ ਦੇ ਡੈਲੀਗੇਟ ਮਾਰਕਸ ਦੀ ਕਬਰ ਤੇ ਵੀ ਗਏ ਸਨ ਜਿਥੇ ਬੜੀਆਂ ਤਸਵੀਰਾਂ ਖਿੱਚੀਆਂ-ਖਿਚਾਈਆਂ ਗਈਆਂ ਤਾਂ ਇਕ 'ਇਨਕਲਾਬੀ' ਬਾਜਵੇ ਨੂੰ ਕਹਿੰਦਾ, "ਕਾਮਰੇਡ ਮਾਰਕਸਿਜ਼ਮ ਦੀ ਕਬਰ ਤੇ ਮੇਰੀ ਫੋਟੋ ਜ਼ਰੂਰ ਚਾਹੀਦੀ ਹੈ।" ਬਾਕੀ ਕਾਨਫਰੈਂਸ ਦੀ ਵਿਸਕੀ-ਨਵਾਜ਼ੀ ਦਾ ਤਾਂ ਬਹੁਤ ਚਰਚਾ ਹੋ ਚੁਕਾ ਹੈ। ਮੇਜ਼ ਤੇ ਬੈਠੇ ਸਾਰੇ ਆਪਣਾ ਪਰਿਚੈ ਕਰਵਾ ਰਹੇ ਸਨ। ਹਰਿਨਾਮ ਦੀ ਵਾਰੀ ਆਈ ਤਾਂ ਕਹਿੰਦਾ, "ਹੁਣ ਤਾਂ ਮੈਂ ਹਰਿਨਾਮ ਹਾਂ ਇਸ ਤੋਂ ਬਾਅਦ ਦਾ ਪਤਾ ਨਹੀਂ।"


ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ

## ਵਸੋਂ ਵਸਣਾ ਖੇਡ ਨਹੀਂ ਏ

ਕਹਾਣੀ ਸੰਗ੍ਰਹਿ

ਪ੍ਰੀਤਮ ਬੇਲੀ ਪਾਕਿਸਤਾਨ ਤੋਂ ਆਇਆ ਤੇ ਬੰਬਈ ਵੱਸ ਗਿਆ – ਦੋਨੋਂ ਥਾਵਾਂ ਦੀ ਜ਼ਿੰਦਗੀ ਨੂੰ ਉਹਨੇ ਵੇਖਿਆ ਤੇ ਉਹਨਾ ਬਾਰੇ ਲਿਖਿਆ ਜੋ ਇਹਨਾਂ ਕਹਾਣੀਆਂ ਦਾ ਵਿਸ਼ਾ ਹੈ – ਕਿਤਾਬ ਬਾਰੇ ਦੋ ਸ਼ਬਦ ਇਹੀ ਕਹੇ ਜਾ ਸਕਦੇ ਹਨ ਕਿ "ਇਹ ਸ਼ਕਤੀਸ਼ਾਲੀ ਸਾਹਿਤ ਹੈ"।

ਮੁਲ 2–50

## ਪੰਛੀਆਂ ਦੇ ਆਲ੍ਹਣੇ

ਕਹਾਣੀ ਸੰਗ੍ਰਹਿ

ਭੂਰਾ ਸਿੰਘ ਕਲੇਰ – ਲੇਖਕ ਕੋਲ ਪਿੰਡ ਦੀ ਜ਼ਿੰਦਗੀ ਵੇਖਣ ਲਈ ਇਕ ਹਮਦਰਦ ਅੱਖ ਹੈ, ਜਿਹੜੀ ਪਿੰਡ 'ਚ ਵਾਪਰੀ ਹਰ ਇਕ ਘਟਨਾ ਦਾ ਸਮਾਜਕ ਵਿਸਲੇਸ਼ਨ ਕਰਨ ਦੀ ਜੁਰਅਤ ਰੱਖਦੀ ਹੈ– ਇਹ ਕਹਾਣੀਆਂ ਪੰਜਾਬੀ ਨਿੱਕੀ ਕਹਾਣੀ ਦੀ ਇਕ ਵੱਡੀ ਪ੍ਰਾਪਤੀ ਹੈ।

ਮੁਲ 2–50

# ਸੁਰੇਂਦਰ ਹੇਮ ਜਯੋਤੀ :

# ਜਮਹੂਰੀ ਘੋਲ ਦਾ ਸੰਗਰਾਮੀਆ

ਸੁਰੇਂਦਰ ਹੇਮ ਜਯੋਤੀ ਅਜ ਸਾਡੇ ਦਰਮਿਆਨ ਨਹੀਂ ਹੈ। 25 ਜੁਲਾਈ, 1980 ਨੂੰ ਜਰਮਨ ਵਿਚ ਉਸ ਦੀ ਮੌਤ ਦਿਮਾਗੀ ਸੋਜਿਸ਼ ਨਾਲ ਹੋਈ। ਉਸ ਵਲੋਂ ਸ਼ੁਰੂ ਕੀਤੀ ਗਈ ਹੇਮ ਜਯੋਤੀ ਪੰਜਾਬ ਦੇ ਪ੍ਰਗਤੀਵਾਦ ਲੇਖਕਾਂ ਦਾ ਸਾਂਝਾ ਮੰਚ ਬਣੀ ਤੇ ਸਾਹਿਤ ਦੇ ਖੇਤਰ ਵਿਚ ਅਹਿਮ ਰੋਲ ਅਦਾ ਕੀਤਾ। ਇਸ ਪਿਛੇ ਸੁਰੇਂਦਰ ਦਾ ਵੱਡਾ ਹੱਥ ਸੀ। ਪਰ ਸਹੀ ਸ਼ਰਧਾਂਜਲੀ ਜਜ਼ਬਾਤੀ ਹੋਣਾ ਨਹੀਂ ਸਗੋਂ ਉਸ ਦੇ ਕਰਮਸ਼ੀਲ ਵਿਅਕਤੀਤਵ ਤੋਂ ਸਿੱਖਣਾ ਹੈ। ਲੋੜ 'ਵਿਅਕਤੀ ਪੂਜਾ' ਦੇ ਨਾਂਹ-ਪੱਖੀ ਕੀਮਤਾਂ ਵਾਲੇ ਮਾਰੂ ਜਜ਼ਬਾਤੀਪੁਣੇ ਦੇ ਸ਼ਿਕਾਰ ਹੋਣ ਤੋਂ ਬਚਣ ਦੀ ਹੈ। ਸੁਰੇਂਦਰ ਦੀ ਸੋਚ, ਵਿਅਕਤੀਤਵ ਤੇ ਰਿਸਾਲੇ ਵਿਚ ਆਈ ਤਬਦੀਲੀ ਚੇਤਨ ਤੇ ਵਿਕਾਸਮੁਖੀ ਸੀ। ਉਸ ਨੇ ਆਪਣੇ ਉਪਰਲੇ ਮਧ-ਵਰਗੀ ਖਾਸੇ ਨੂੰ ਜਿਥੇ ਬਦਲਣ ਦੀ ਈਮਾਨਦਾਰੀ ਨਾਲ ਕੋਸ਼ਿਸ਼ ਕੀਤੀ, ਉਥੇ ਹੇਮ ਜਯੋਤੀ ਨੂੰ 'ਕਲਾ ਕਲਾ ਲਈ' ਦੀ ਦਲਦਲ ਵਿਚੋਂ ਕਢ ਕੇ ਸਾਰਥਿਕ ਤੇ ਪ੍ਰਗਤੀਸ਼ੀਲ ਕੀਮਤਾਂ ਨਾਲ ਜੋੜ ਕੇ ਜਨਤਕ ਸਾਹਿਤ ਦਾ ਸਾਂਝਾ ਮੰਚ ਬਣਾਉਣ ਦੀ। ਉਸ ਨੂੰ ਦੋ ਵੇਰ ਜੇਲ੍ਹ ਦਾ ਮੂੰਹ ਵੇਖਣਾ ਪਿਆ। ਉਸ ਦੇ ਰੋਲ ਦਾ ਮੁਲੰਕਣ ਹੇਮ ਜਯੋਤੀ ਦੇ ਪ੍ਰਸੰਗ ਵਿਚ ਉਸ ਦੇ ਵਿਚਾਰਧਾਰਕ ਵਿਕਾਸ ਦੇ ਅਧਿਐਨ ਨਾਲ ਸੰਭਵ ਹੈ। ਇਹ ਵਿਕਾਸ ਨੂੰ ਮੁਖ ਰੂਪ ਵਿਚ ਤਿੰਨਾਂ ਪੜਾਵਾਂ ਵਿਚ ਵੰਡ ਕੇ ਵੇਖਿਆ ਜਾ ਸਕਦਾ ਹੈ।

ਜੂਨ 1970 ਤੋਂ ਸਤੰਬਰ 1970 ਤਕ ਦੇ ਪਹਿਲੇ ਪੜਾਅ ਵਿਚ ਦੇਵ ਨਾਲ ਉਸ ਨੇ ਸੰਪਾਦਕੀ ਵਿਚ ਵਿਦਰੋਹ ਦੀ ਗੱਲ ਤੋਰੀ, ਪਰ ਇਹ ਜਜ਼ਬਾਤੀ, ਅਸਪਸ਼ਟ, ਅਤੇ ਕੇਵਲ ਸ਼ਾਬਦਿਕ ਫ਼ਿਕਰੇ-ਬਾਜ਼ੀ ਹੀ ਸੀ। ਇਸ ਸਮੇਂ ਵਿੱਚ ਸੁਰੇਂਦਰ ਨਾ ਤਾਂ ਵਿਚਾਰਧਾਰਕ ਤੌਰ ਤੇ ਚੇਤੰਨ ਸੀ ਤੇ ਨਾ ਹੀ ਉਹ ਹੇਮ ਜਯੋਤੀ ਦੇ ਖੇਤਰ ਤੇ ਪਹੁੰਚ ਬਾਰੇ ਕੋਈ ਸਪਸ਼ਟ ਸਮਝ ਰਖਦਾ ਸੀ। ਉਹ ਬਾਬਾ ਬੂਝਾ ਸਿੰਘ ਦੀ ਮੌਤ ਤੇ ਲੇਖਕਾਂ ਨੂੰ ਆਵਾਜ਼ਾਂ ਬੁਲੰਦ ਕਰਨ ਲਈ ਪ੍ਰੇਰਦਾ ਹੈ (ਅਗਸਤ 70) ਤੇ ਆਪਣੇ ਅਮੂਰਤ ਵਿਚਾਰਾਂ ਨੂੰ ਸਿੱਖ ਇਤਿਹਾਸ ਦੇ ਮਾਧਿਅਮ ਨਾਲ ਜਜ਼ਬਾਤੀ ਢੰਗ ਨਾਲ ਪ੍ਰਗਟਾਉਂਦਾ ਹੈ।

ਦੂਸਰਾ ਪੜਾਅ ਅਕਤੂਬਰ 1970 ਤੋਂ ਅਕਤੂਬਰ 1971 ਤਕ ਦਾ ਸੀ। ਜਨਵਰੀ 1971 ਵਿਚ ਉਸ ਦੀ ਗ੍ਰਿਫ਼ਤਾਰੀ ਹੋ ਗਈ ਸੀ ਪਰ ਉਹ ਜ਼ਮਾਨਤ ਤੇ ਆ ਗਿਆ। ਉਸ ਦੀ ਸਮਝ ਵਧੇਰੇ ਪਰਿਪੱਕ ਹੋ ਗਈ। ਨਵੰਬਰ ਦੇ ਸੰਪਾਦਕੀ ਵਿਚ ਉਹ ਲਿਖਦਾ ਹੈ : "ਬਦ-ਨਿਜ਼ਾਮ ਦੀ ਹਮੇਸ਼ਾਂ ਇਹ ਕੋਸ਼ਿਸ਼ ਹੁੰਦੀ ਹੈ ਕਿ ਲੇਖਕ ਲੋਕ-ਆਵਾਜ਼

ਨਾ ਬਣ ਸਕਣ। ਲੇਖਕ ਜਦੋਂ ਜਾਗ ਪੈਣ ਲੋਕ ਤੁਰ ਪੈਂਦੇ ਨੇ।" ਉਸ ਦੇ ਅਨੁਸਾਰ "ਹੁਣ ਇਨਕਲਾਬੀਆਂ ਦੀ ਲੜਾਈ ਪੂੰਜੀਦਾਰੀ ਸਾਮਰਾਜ ਢਾਂਚੇ ਨਾਲ ਹੈ। ਹੁਣ ਹਕੂਮਤ ਦਾ ਪੱਤਾ ਪੱਤਾ ਇਹਨਾਂ ਸਰਗਰਮੀਆਂ ਦਾ ਵੈਰੀ ਹੈ। ਲੋਕ-ਚੇਤੰਨਤਾ ਵਾਲਾ ਸਾਹਿਤ ਘਰਾਂ ਵਿਚ ਰਖਣਾ ਜੁਰਮ ਹੋ ਗਿਆ ਹੈ" (ਜਨਵਰੀ 1971)। ਪਰ ਨਾਲ ਹੀ ਕ੍ਰਾਂਤੀਕਾਰੀ ਸਾਹਿਤ, ਖਾਸ ਕਰਕੇ ਕਵਿਤਾ ਵਿਚੋਂ ਲਏ ਗਏ ਸਿਖ ਇਤਿਹਾਸ ਸਬੰਧੀ ਵਿਚਾਰਾਂ ਦੇ ਪ੍ਰਭਾਵ ਨਾਲ ਅਮੂਰਤਤਾ ਤੇ ਵਿਚਾਰਧਾਰਕ ਅਸਪਸ਼ਟਤਾ ਵੀ ਆਈ। ਕੁਰਬਾਨੀ ਦਾ ਜਜ਼ਬਾ, ਤਸੀਹੇ ਸਹਿਣ ਦੀ ਸਮਰਥਾ, ਜ਼ੁਲਮ ਦੇ ਖ਼ਿਲਾਫ਼ ਉਠ ਖੜੇ ਲੋਕਾਂ ਬਾਰੇ ਹਦੋਂ ਵਧ ਕਿਆਸ ਆਦਿ ਦੇ ਰੂਪ ਵਿਚ ਅਣ-ਵਿਗਿਆਨਕ ਸੋਚਣੀ ਵੀ ਨਜ਼ਰ ਆਉਂਦੀ ਹੈ। "ਜ਼ੁਲਮ ਤੇ ਹੱਕ ਦੀ ਜਦੋਂ ਵੀ ਟੱਕਰ ਹੋਈ ਹੈ ਪੰਜਾਬੀਆਂ ਨੇ ਹੱਕ ਦਾ ਸਾਥ ਦਿਤਾ ਹੈ। ਮੰਨੂ ਦੀ ਦਾਤਰੀ ਵਾਢੀਆਂ ਪਾ ਪਾ ਥੱਕ ਜਾਂਦੀ ਸੀ ਪਰ ਜ਼ੁਲਮ ਵਿਰੋਧੀ ਸੰਗਰਾਮੀਏਂ ਸੋਇਆਂ ਵਾਂਗ ਵਧਦੇ ਹੀ ਤੁਰੇ ਜਾਂਦੇ ਸਨ" (ਜਨਵਰੀ 1971)। ਇਸੇ ਤਰ੍ਹਾਂ ਸੇਧ ਰਹਿਤ ਨਾਂਹ-ਪੱਖੀ ਨਾਅਰੇ ਵੀ ਵੇਖਣ ਨੂੰ ਮਿਲਦੇ ਹਨ : "ਆਓ! ਅਸੀਂ ਕਲਮ ਦੀ ਆਵਾਜ਼ ਨੂੰ ਖੇਤਾਂ ਵਲ ਲੈ ਚਲੀਏ, ਪਿੰਡਾਂ ਦੀਆਂ ਜੂਹਾਂ ਵਿਚ ਲੈ ਵੜੀਏ। ਆਓ! ਅਸੀਂ ਆਪਣੀਆਂ ਨਜ਼ਮਾਂ ਨੂੰ ਪਿੰਡਾਂ ਦੀਆਂ ਕੰਧਾਂ ਨਾਲ ਚਿਪਕਾ ਦੇਈਏ" (ਅਪ੍ਰੈਲ 1971)। ਇਸ ਪੜਾਅ ਬਾਰੇ ਮੰਚ ਵਲੋਂ ਸੰਪਾਦਕੀ (ਜੂਨ 1974) ਵਿਚ ਕੀਤੀ ਗਈ ਆਲੋਚਨਾ ਇਹ ਹੈ, "ਇਹ ਤਿੱਖੇ ਰੂਪ ਵਿਚ ਸਥਾਪਤੀ ਵਿਰੋਧੀ ਆਵਾਜ਼ ਬੁਲੰਦ ਕਰਦਾ ਤੇ ਲੋਕ-ਪੱਖੀ ਹੋਣ ਦਾ ਬੜੇ ਜ਼ੋਰ ਨਾਲ ਦਾਅਵਾ ਵੀ।"

ਤੀਸਰਾ ਪੜਾਅ ਜੂਨ 1974 ਤੋਂ ਸ਼ੁਰੂ ਹੁੰਦਾ ਹੈ। ਅਕਤੂਬਰ 1971 ਵਿਚ ਉਸ ਦੀ ਗ੍ਰਿਫ਼ਤਾਰੀ ਸੁਰੱਖਿਆ ਕਾਨੂੰਨ ਅਧੀਨ ਹੋਈ ਤੇ ਸਾਲ ਤੋਂ ਵਧ ਸਮਾਂ ਉਹ ਜੇਲ੍ਹ ਵਿਚ ਰਿਹਾ। 1973 ਵਿਚ ਪੰਜਾਬ ਸਭਿਆਚਾਰਕ ਮੰਚ ਹੋਂਦ ਵਿਚ ਆਇਆ, ਜਿਸ ਨੇ ਹੇਮ ਜਯੋਤੀ ਨੂੰ ਜੂਨ 1974 ਤੋਂ ਮੁੜ ਸੁਰਜੀਤ ਕੀਤਾ ਕਿਉਂਕਿ "ਹੱਕ ਸੱਚ ਦੀ ਆਵਾਜ਼ ਨੂੰ ਲਗਾਤਾਰ ਬੁਲੰਦ ਰਖਣ ਦੇ ਜਮਹੂਰੀ ਘੋਲ ਦੇ ਤੌਰ ਤੇ ਅਤੇ ਲੋਕ ਵਿਰੋਧੀ ਝੁਕਾਵਾਂ ਨਾਲ ਦੋ ਹੱਥ ਕਰਦੇ ਹੋਏ ਲੋਕ-ਪੱਖੀ ਬਦਲ ਦੇ ਸਕਣ ਦੇ ਕਾਬਲ ਹੋਣ ਲਈ ਸਾਹਿਤ ਅੰਦਰ ਸੇਧ ਤੇ ਕਲਾ ਨੂੰ ਨਿਖਾਰਣ ਦੇ ਸੰਭਵ ਯਤਨ ਕਰਨ ਖ਼ਾਤਰ, ਲੋਕ-ਪੱਖੀ ਸਾਹਿਤਕਾਰਾਂ ਨੂੰ ਇਕ ਸਾਂਝੇ ਉਪਰਾਲੇ ਦੀ ਅਹਿਮ ਲੋੜ ਹੈ" (ਮੰਚ ਦੀ ਸਾਲਾਨਾ ਰਿਪੋਰਟ, ਹੇਮ ਜਯੋਤੀ, ਮਈ 1974)। ਇਹ ਪੜਾਅ ਬੜਾ ਅਹਿਮ ਹੈ ਕਿਉਂਕਿ ਇਸ ਵਿਚ ਵਿਅਕਤੀਗਤ ਜਜ਼ਬਾ, ਵਿਅਕਤੀਗਤ ਵਿਚਾਰਧਾਰਕ ਚੇਤਨਾ ਤੋਂ ਇਕ ਵਿਚਾਰਧਾਰਕ ਸੰਗਠਨ ਵਿਚ ਰਲ ਗਿਆ ਸੀ। ਪਰ ਸਭਿਆਚਾਰ ਮੰਚ ਦੇ ਦੌਰਾਨ, ਪਹਿਲੇ ਅੰਕ ਨੂੰ ਛੱਡ ਕੇ, ਸੰਪਾਦਕੀ ਲਿਖਣੀ ਬੰਦ ਹੋ ਗਈ ਅਤੇ ਮਈ ਅੰਕ ਵਿਚ ਪ੍ਰਕਾਸ਼ਿਤ ਮੰਚ ਦੀ ਸਾਲਾਨਾ ਰੀਪੋਰਟ ਵਿਚ ਸਕੱਤਰ ਨੇ ਆਪ ਮੰਨਿਆ ਕਿ "ਸਾਹਿਤ ਵਿਚ ਕੋਈ ਵਖਰਾ ਦ੍ਰਿਸ਼ਟੀਕੋਣ ਨਹੀਂ ਉਭਰ ਸਕਿਆ ਤੇ ਲੋਕਾਂ ਨੂੰ ਇਸ ਦੀ ਵਖਰੀ ਹੋਂਦ ਮਹਿਸੂਸ ਨਹੀਂ ਹੋਈ।"

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਸੁਰੇਂਦਰ ਦੀ ਵਿਚਾਰਧਾਰਕ ਸੀਮਾਵਾਂ ਤੋਂ ਅਗਾਂਹ ਮੰਚ ਵੀ ਨਹੀਂ ਵਧ ਸਕਿਆ। ਮੰਚ ਦੀਆਂ ਅਸਫਲਤਾਵਾਂ ਦੇ ਕਈ ਕਾਰਨ ਹਨ ਜਿਨ੍ਹਾਂ ਬਾਰੇ ਸਾਨੂੰ ਗੰਭੀਰ ਹੋ ਕੇ ਵਿਚਾਰਨ ਦੀ ਲੋੜ ਹੈ। ਪਰ ਨਾਲ ਹੀ ਇਸ ਤੋਂ ਸੁਰੇਂਦਰ ਤੇ ਹੇਮ ਜਯੋਤੀ ਦੀ ਅਹਿਮੀਅਤ ਦਾ ਵੀ ਪਤਾ ਚਲਦਾ ਹੈ। ਅਸੀਂ ਇਹ ਸਮਝਦੇ ਹਾਂ ਕਿ ਅਜੇਹੀ ਹਾਲਤ ਵਿਚ ਅਜੇਹਾ ਪਰਚਾ ਕਢਣਾ ਵੀ ਇਕ ਜਮਹੂਰੀ ਘੋਲ ਹੈ। ਇਸ ਜਮਹੂਰੀ ਘੋਲ ਦੇ ਸੰਗਰਾਮੀਏਂ ਨੂੰ 'ਸਮਤਾ' ਸ਼ਰਧਾਂਜਲੀ ਪੇਸ਼ ਕਰਦਾ ਹੈ।

[ ਸ.ਸ.

# ਮੇਰੀ ਟਾਈਲਰ ਨਾਲ ਮੁਲਾਕਾਤ

ਮੇਰੀ ਟਾਈਲਰ ਦਸੰਬਰ 1969 ਵਿਚ ਹਿੰਦੁਸਤਾਨ ਆਪਣੇ ਬੰਗਾਲੀ ਇੰਜੀਨੀਅਰ ਦੋਸਤ ਅਮਲੇਂਦੂ ਸੈਨ ਨੂੰ ਮਿਲਣ ਆਈ ਜਿਸਦੇ ਨਾਲ ਉਹਦੀ ਵਾਕਫੀਅਤ ਪੱਛਮੀ ਜਰਮਨੀ ਵਿਚ ਹੋਈ ਸੀ। ਦੋਨਾਂ ਦੀ ਸ਼ਾਦੀ ਅਪ੍ਰੈਲ 1970 ਵਿਚ ਹੋਈ। ਮਈ 1970 ਵਿਚ ਦੋਨੋਂ ਗ੍ਰਿਫਤਾਰ ਕੀਤੇ ਗਏ। ਉਹਨਾਂ ਤੇ ਇਲਜ਼ਾਮ ਸੀ ਕਿ ਉਹਨਾਂ ਨੇ ਨਕਸਲਬਾੜੀ ਦੇ ਹੋਰ ਲੋਕਾਂ ਨਾਲ ਰਲਕੇ ਹਿੰਦੁਸਤਾਨ ਦੀ ਸਰਕਾਰ ਨੂੰ ਉਲਟਾਣ ਦੀ ਸਾਜ਼ਿਸ ਕੀਤੀ ਹੈ। ਪੰਜ ਸਾਲ ਤੋਂ ਵਧ ਸਮਾਂ ਮੇਰੀ ਟਾਈਲਰ ਬਿਹਾਰ ਦੀਆਂ ਜੇਲ੍ਹਾਂ ਵਿਚ ਬਿਨਾਂ ਮੁਕੱਦਮੇ ਕੈਦ ਰਹੀ। ਐਮਰਜੈਂਸੀ ਲਗੀ ਤੇ ਇਕ ਦਿਨ ਉਹਨੂੰ ਅਚਾਨਕ ਰਿਹਾ ਕਰਕੇ ਵਾਪਸ ਉਹਦੇ ਮੁਲਕ ਵਲੈਤ ਲਈ ਜ਼ਬਰਦਸਤੀ ਜਹਾਜ਼ ਚੜ੍ਹਾ ਦਿਤਾ ਗਿਆ। ਅਮਲੇਂਦੂ ਜੇਲ੍ਹ ਵਿਚ ਹੀ ਕੈਦ ਭੁਗਤਦਾ ਰਿਹਾ। ਵਾਪਸ ਇੰਗਲੈਂਡ ਜਾ ਕੇ ਮੇਰੀ ਟਾਈਲਰ ਨੇ ਬਹੁਤ ਸਾਰੀਆਂ ਲਿਖਤਾਂ ਹਿੰਦੁਸਤਾਨ ਬਾਰੇ ਲਿਖੀਆਂ। ਉਹਦੀ ਕਿਤਾਬ **My Years In An Indian Prison** ਹਿੰਦੁਸਤਾਨ ਦੇ ਆਮ ਲੋਕਾਂ ਬਾਰੇ, ਅਤੇ ਵਿਸ਼ੇਸ਼ ਕਰਕੇ ਜੇਲ੍ਹਾਂ ਦੀ ਹਾਲਤ ਬਾਰੇ ਕਲਾਸਕੀ ਦਸਤਾਵੇਜ਼ ਦਾ ਦਰਜਾ ਰੱਖਦੀ ਹੈ। ਸੁਰਜੀਤ ਹਾਂਸ ਨੇ ਲੰਡਨ ਵਿਖੇ ਮੇਰੀ ਟਾਈਲਰ ਨਾਲ ਮੁਲਾਕਾਤ ਰੀਕਾਰਡ ਕੀਤੀ ਹੈ ਜਿਹੜੀ ਅਸੀਂ ਆਪਣੇ ਪਾਠਕਾਂ ਨਾਲ ਸਾਂਝੀ ਕਰਨ ਦੀ ਖੁਸ਼ੀ ਲੈ ਰਹੇ ਹਾਂ। (ਸੰਪਾਦਕ)

ਸ. ਹ. : ਮੈਂ ਤੁਹਾਡਾ ਸ਼ੁਕਰਗੁਜ਼ਾਰ ਹਾਂ ਕਿ ਤੁਸੀਂ ਮੈਨੂੰ ਮਿਲਣ ਦਾ ਮੌਕਾ ਦਿਤਾ ਅਤੇ ਤੁਸੀਂ ਆਪਣੀ ਕਿਤਾਬ **my yeas in an Indian prison** ਬਾਰੇ ਸਾਡੇ ਪਾਠਕਾਂ ਨੂੰ ਕੁਝ ਕਹੋਗੇ।

ਮ. ਟ. : ਬਿਹਤਰ ਹੋਵੇ ਕਿ ਤੁਸੀਂ ਹੀ ਮੇਰੀ ਕਿਤਾਬ ਬਾਰੇ ਕਿਸੇ ਸਵਾਲ ਤੋਂ ਸ਼ੁਰੂ ਕਰੋ।

ਸ. ਹ. : ਤੁਹਾਡੀ ਲਿਖਤ ਦੀ ਸ਼ੈਲੀ ਹੀ ਬਹੁਤ ਪ੍ਰਭਾਵ ਪਾਉਂਦੀ ਹੈ। ਵਰਨਣ ਦਾ ਵੇਰਵਾ ਹੈ, ਪਰ ਸ਼ਬਦਾਂ ਦੀ ਬੜੀ ਸੰਕੋਚਮਈ ਵਰਤੋਂ। ਪਾਠਕ ਤਾਂ ਘਟਨਾਵਾਂ ਬਾਰੇ ਜਾਣਕੇ ਅੱਗ ਬਗੋਲਾ ਹੋ ਜਾਂਦਾ ਹੈ ਪਰ ਲੱਗਦਾ ਹੈ ਕਿ ਤੁਹਾਡੇ ਪ੍ਰਤੀਕਰਮ ਕਿਸੇ ਸੰਯਮ ਵਿਚ ਬਝੇ ਖੜੇ ਹਨ। ਕੀ ਤੁਸੀਂ ਅਜਿਹੀ ਸ਼ੈਲੀ ਦਾ ਅਭਿਆਸ ਕੀਤਾ ਸੀ ?

ਮ. ਟ. : ਨਹੀਂ ਇਹ ਤਾਂ ਸਹਿਜ ਸੁਭਾ ਹੀ ਹੋ ਗਿਆ। ਮੈਂ ਤਾਂ ਏਨਾ ਕੀਤਾ ਕਿ ਸਥਿਤੀ ਦਾ ਵਰਨਣ ਕਰਦਿਆਂ ਮੈਂ ਆਪਣੇ ਭਾਵਾਂ ਨੂੰ ਕਾਫੀ ਲਾਂਭੇ ਰਖਿਆ। ਮੈਨੂੰ ਪਤਾ ਸੀ ਕਿ ਤੱਥ ਮੇਰੇ ਨਾਲੋਂ ਜਿਆਦਾ ਮਹੱਤਵ ਪੂਰਨ ਹਨ। ਮੇਰੀ ਲਿਖਤ ਦਾ ਮਨੋਰਥ ਇਹ ਦੱਸਣਾ ਨਹੀਂ ਸੀ ਕਿ ਜੇਲ੍ਹ ਵਿਚ ਮੇਰੇ ਨਾਲ ਕਿਵੇਂ ਭੈੜਾ ਸਲੂਕ ਹੋਇਆ। ਮੇਰਾ ਉਦੇਸ਼ ਤਾਂ ਇਸ ਦੇ ਰਾਹੀਂ ਹਿੰਦੁਸਤਾਨ ਦੇ ਲੋਕਾਂ ਦੀ ਭੈੜੀ ਹਾਲਤ ਦਾ ਪ੍ਰਗਟਾ ਕਰਨਾ ਸੀ। ਮੈਂ ਇਹ ਕਿਤਾਬ ਅੰਗਰੇਜ ਪਾਠਕਾਂ ਲਈ ਲਿਖੀ ਸੀ। ਉਦੋਂ ਹੰਗਾਮੀ ਹਾਲਤ ਸੀ, ਮੈਨੂੰ ਕਦੇ ਖਿਆਲ ਵੀ ਨਹੀਂ ਆਇਆ ਸੀ ਕਿ ਇਹ ਕਿਤਾਬ ਹਿੰਦੁਸਤਾਨ ਵਿਚ ਛੱਪ ਸਕੇਗੀ। ਮੈਂ ਸਿਆਸਤਦਾਨਾਂ, ਬੁਧੀਮਾਨਾਂ ਜਾਂ ਅਕਾਦਮਿਕ ਲੋਕਾਂ ਲਈ ਨਹੀਂ ਲਿਖ ਰਹੀ ਸੀ। ਮੇਰਾ ਮਤਲਬ

ਸਾਧਾਰਨ ਪਰ ਦਿਲਚਸਪੀ ਰੱਖਣ ਵਾਲੇ ਅੰਗਰੇਜ਼ਾਂ ਲਈ ਲਿਖਣਾ ਸੀ। ਇਹ ਸ਼ੈਲੀ ਕੁਝ ਕੁ ਤਾਂ ਸੁਚੇਤ ਕਾਰਨਾ ਕਰਕੇ ਹੈ ਅਤੇ ਕੁਝ ਕੁ ਮੇਰੇ ਸਭਾਉ ਦੀ ਗੱਲ ਹੈ – ਸਾਦਗੀ ਨਾਲ ਲਿਖਣਾ।

ਸ. ਹ. : ਤੁਸੀਂ ਕਿੰਨੀ ਦੇਰ ਤੋਂ ਲਿਖਦੇ ਰਹੇ ਹੋ, ਕੀ ਤੁਹਾਨੂੰ ਹਿੰਦੁਸਤਾਨ ਦੇ ਅਨੁਭਵ ਨੇ ਹੀ ਲਿਖਾਰੀ ਬਣਾ ਦਿਤਾ।

ਮ. ਟ. : ਜਦ ਕੋਈ ਵਿਦਿਆਰਥੀ ਹੁੰਦਾ ਹੈ ਤਾਂ ਉਹਨੂੰ ਕਾਫੀ ਲਿਖਣਾ ਪੈਂਦਾ ਹੈ, ਮੈਂ ਵੀ ਆਮ ਵਿਦਿਆਰਥੀਆਂ ਵਾਂਗੂੰ ਲੇਖ (essays) ਲਿਖਦੀ ਰਹੀ ਪਰ ਮੈਨੂੰ ਕਦੇ ਲਿਖਾਰੀ ਹੋਣ ਦਾ ਖਿਆਲ ਨਹੀਂ ਆਇਆ। ਜਦ ਮੈਂ ਜੇਲ੍ਹ 'ਚ ਸੀ ਤਾਂ ਮੈਂ ਨੋਟਿਸ (notes) ਲੈਂਦੀ ਰਹੀ। ਮੈਂ ਸੋਚਦੀ ਸੀ ਕਿ ਅਜਿਹੇ ਅਨੁਭਵ ਨੂੰ ਅਜਾਇਆਂ ਹੀ ਨਹੀਂ ਜਾਣ ਦੇਣਾ ਚਾਹੀਦਾ। ਇਸ ਤਜ਼ਰਬੇ 'ਚੋਂ ਕੁਝ ਨਿਕਲਣਾ ਚਾਹੀਏ। ਪਹਿਲਾਂ ਤਾਂ ਮੇਰੇ ਕੋਲ ਲਿਖਣ ਦੀਆਂ ਵਸਤਾਂ ਵੀ ਨਹੀਂ ਸਨ, ਲਿਖਣ ਦੀਆਂ ਵਸਤਾਂ ਮਿਲਣ ਤੇ ਮੈਂ ਨੋਟਿਸ ਸੰਭਾਲਣੇ ਸ਼ੁਰੂ ਕਰ ਦਿਤੇ। ਜਦ ਮੈਂ ਵਲੈਤ ਵਾਪਿਸ ਆਈ ਤਾਂ ਮੇਰੇ ਕੋਲ ਕਾਫੀ ਨੋਟਿਸ ਸਨ, ਮੇਰੀ ਡਾਇਰੀ ਸੀ ਜਿਹੜੀ ਮੈਂ ਜੇਲ੍ਹ 'ਚੋਂ ਸਮਗਲ ਕਰ ਲਈ ਸੀ। ਕਦੀ ਅਖ਼ਬਾਰ ਤੇ ਪ੍ਰਕਾਸ਼ਕ ਮੈਨੂੰ ਲਿਖਣ ਲਈ ਕਹਿੰਦੇ ਸਨ। ਅਖ਼ਬਾਰਾਂ ਨੂੰ ਤਾਂ ਚੰਗੀ ਸਟੋਰੀ (story) ਦੀ ਭਾਲ ਸੀ ਪਰ ਖਿਆਲ ਉਹ ਗੱਲਾਂ ਲਿਖਣ ਦਾ ਸੀ ਜਿਹਨਾਂ ਬਾਰੇ ਪਬਲਿਕ ਜਾਣਦੀ ਨਹੀਂ ਸੀ ਅਤੇ ਜਿਹਨਾਂ ਨੂੰ ਮੈਂ ਮਹੱਤਵ ਪੂਰਨ ਸਮਝਦੀ ਸੀ – ਹਿੰਦੁਸਤਾਨੀ ਲੋਕਾਂ ਦੀ ਹਾਲਤ ਬਾਰੇ। ਲਿਖਾਰੀ ਦੇ ਤੌਰ 'ਤੇ ਇਹ ਮੇਰਾ ਪਹਿਲਾ ਉੱਦਮ ਸੀ।

ਸ. ਹ. : ਤੁਸੀਂ ਆਪਣੇ ਆਪ ਨੂੰ ਸਿਰਜਨਾਤਮਕ ਲਿਖਾਰੀ ਕਦੇ ਨਹੀਂ ਸਮਝਿਆ ਸੀ, ਸਗੋਂ ਤੁਹਾਡੇ ਜੇਲ੍ਹ ਦੇ ਤਜ਼ਰਬੇ ਨੇ ਤੁਹਾਨੂੰ ਲਿਖਾਰੀ ਬਣਾ ਦਿਤਾ।

ਮ. ਟ. : ਹਾਂ।

ਸ. ਹ. : ਹੁਣ ਤੁਹਾਡਾ ਆਪਣੇ ਜੇਲ੍ਹ ਦੇ ਅਨੁਭਵ ਬਾਰੇ ਕੀ ਪ੍ਰਤੀਕਰਮ ਹੈ ? ਕੀ ਇਹ ਅਜਿਹੀ ਚੀਜ਼ ਹੈ ਜਿਸ ਬਾਰੇ ਤੁਸੀਂ ਕੁਝ ਸੁਣਨਾ ਸੋਚਣਾ ਨਹੀਂ ਚਾਹੁੰਦੇ ?

ਮ. ਟ. : ਨਹੀਂ ਇੰਝ ਨਹੀਂ। ਕਈ ਲੋਕ ਕਹਿੰਦੇ ਹਨ ਕਿ ਮੈਂ ਏਨੇ ਸਾਲ ਖਰਾਬ ਕੀਤੇ। ਮੇਰਾ ਖਿਆਲ ਹੈ ਕਿ ਇਹ ਬੇਮਿਸਾਲ ਅਨੁਭਵ ਦਾ ਮੌਕਾ ਸੀ। ਮੈਨੂੰ ਅਜਿਹੇ ਅਨੁਭਵ ਦਾ ਕੋਈ ਗਿਲਾ ਨਹੀਂ। ਹਾਂ, ਇਕ ਗੱਲ ਜ਼ਰੂਰ ਹੈ, ਇਥੇ ਆ ਕੇ ਮੈਂ ਇੰਗਲੈਂਡ ਦੀ ਜ਼ਿੰਦਗੀ ਅਤੇ ਇਥੋਂ ਦੇ ਅਨੁਭਵਾਂ ਦਾ ਅੰਗ ਬਣ ਗਈ ਹਾਂ ਅਤੇ ਮੈਂ ਆਪਣੀ ਹਿੰਦੁਸਤਾਨੀ ਅਨੁਭਵ ਬਾਰੇ ਓਨੀਂ ਇਕਾਗਰ ਚਿਤ ਨਹੀਂ ਹੋ ਸਕਦੀ ਜਿਨੇ ਉਥੇ ਸੀ। ਵਲੈਤ ਵਿਚ ਵੀ ਦਮਨ ਅਤੇ ਭ੍ਰਿਸ਼ਟਾਚਾਰ ਹੈ। ਮੇਰਾ ਹਿੰਦੁਸਤਾਨੀ ਅਨੁਭਵ ਮੇਰੀ ਜ਼ਿੰਦਗੀ ਦਾ ਹਿੱਸਾ ਹੈ ਅਤੇ ਹਿੰਦੁਸਤਾਨ ਵਿਚ ਜੋ ਕੁਝ ਵੀ ਬੀਤਦਾ ਹੈ ਮੇਰੇ ਲਈ ਬਹੁਤ ਅਰਥ-ਭਰਪੂਰ ਮਹੱਤਵ ਰੱਖਦਾ ਹੈ। ਮੇਰੇ ਲਈ ਹਿੰਦੁਸਤਾਨੀ ਲੋਕਾਂ ਨਾਲ ਸੰਪਰਕ ਰੱਖਣਾ ਜ਼ਰੂਰੀ ਹੈ। ਮੈਂ ਸ਼ੇਖੀ ਨਹੀਂ ਮਾਰ ਰਹੀ, ਮੈਨੂੰ ਹਿੰਦੁਸਤਾਨੀ ਜੇਲ੍ਹ ਨੇ ਇਕ ਭਾਂਤ ਦਾ ਗਿਆਨ ਦਿਤਾ ਹੈ ਜਿਸ ਦਾ ਇਥੋਂ ਦੇ ਬੰਦਿਆਂ ਨੂੰ ਕਿਆਸ ਨਹੀਂ ਹੋ ਸਕਦਾ। ਜਦ ਮੈਂ ਇਕੱਲੀ ਬੈਠੀ, ਜੇਲ੍ਹ 'ਚ ਮਿਲੀਆਂ ਹਿੰਦੁਸਤਾਨੀ ਔਰਤਾਂ ਬਾਰੇ ਸੋਚਦੀ ਹਾਂ ਤਾਂ ਮੈਂ ਭਾਵਕ ਹੋ ਜਾਂਦੀ ਹਾਂ। ਸਾਰੀ ਚੀਜ਼ ਤਸਵੀਰ ਵਾਂਗੂੰ ਮੇਰੇ ਸਾਹਮਣੇ ਆ ਜਾਂਦੀ ਹੈ। ਜੇਲ੍ਹ ਦੇ ਸਾਲ ਦਾ ਮੇਰੇ ਤੇ ਕੋਈ ਭੈੜਾ ਅਸਰ ਨਹੀਂ ਪਿਆ। ਇਕੱਲੇ ਰਹਿਣਾ, ਜੇਲ੍ਹ ਦਾ ਰੁੱਖਾ ਨਿਤਨੇਮ, ਇਹਨਾਂ ਨੇ ਮੈਨੂੰ ਜਿਸਮਾਨੀ ਤੌਰ ਤੇ ਮੰਦ ਕਰ ਦਿਤਾ ਹੈ ਅਤੇ ਮਾਨਸਿਕ ਸ਼ਾਂਤੀ ਲਿਆਂਦੀ ਹੈ। ਮੇਰਾ ਸੁਭਾ ਅਤੇ ਮਾਨਸਿਕ ਰੁਚੀ ਬਦਲ ਗਈ ਹੈ।

ਸ. ਹ. : ਮੈਂ ਸਮਝ ਗਿਆ। ਹਿੰਦੁਸਤਾਨੀ ਜੇਲ੍ਹ ਵਿਚ ਸਿਆਸੀ ਕਾਰਨਾਂ ਸਦਕੇ ਤੁਹਾਡੀ ਅੰਗਰੇਜ਼ ਸ਼ਖ਼ਸੀਅਤ ਵੀ ਜਿਵੇਂ ਸਾਰੇ ਨਜ਼ਾਮ ਦੇ ਦਬਾਉ ਨਾਲ ਹਿੰਦੁਸਤਾਨੀ ਸ਼ਖ਼ਸੀਅਤ 'ਚ ਬਦਲ ਗਈ ਸੀ। ਹੁਣ ਮੁੜਕੇ ਫੇ ਤੁਹਾਡਾ ਅੰਗਰੇਜ਼ੀ ਚਰਿਤਰ ਹੀ ਹੈ। ਤੁਸੀਂ ਆਪਣੀਆਂ ਦੋ ਸ਼ਖ਼ਸੀਅਤਾਂ ਨੂੰ ਕਾਇਮ ਨਹੀਂ ਰੱਖ ਸਕਦੇ।

ਕੀ ਤੁਹਾਨੂੰ ਹਿੰਦੁਸਤਾਨੀ ਵਿਅਕਤੀਤਵ ਗੁਆਉਣ ਦਾ ਅਫਸੋਸ ਹੈ ?

ਮ. ਟ. : ਮੇਰਾ ਖਿਆਲ ਨਹੀਂ ਕਿ ਮੇਰੀ ਹਿੰਦੁਸਤਾਨੀ ਸ਼ਖ਼ਸ਼ੀਅਤ ਹੋ ਗਈ ਸੀ ਪਰ ਅਜਿਹੀਆਂ ਸ਼ਕਤੀਆਂ ਕੰਮ ਕਰ ਰਹੀਆਂ ਸਨ ਕਿ ਮੈਂ ਹਿੰਦੁਸਤਾਨੀ ਜੀਵਨ ਦਾ ਹਿੱਸਾ ਬਣ ਗਈ ਸੀ। ਪਰ ਮੇਰੀਆਂ ਰੁਚੀਆਂ, ਸਿਖਿਆ ਅਤੇ ਸੰਸਕ੍ਰਿਤੀ ਅੰਗਰੇਜ਼ੀ ਸੀ ਇਸ ਕਰਕੇ ਹਿੰਦੁਸਤਾਨ ਸ਼ਖ਼ਸ਼ੀਅਤ ਦੀ ਗੱਲ ਠੀਕ ਨਹੀਂ।

ਸ. ਹ. : ਤੁਸੀਂ ਉਦੋਂ ਹਿੰਦੁਸਤਾਨੀ jigsaw puzzle ਦਾ ਹਿੱਸਾ ਸੀ ਅਰਥਾਤ ਹਿੰਦੁਸਤਾਨ ਦੀ ਸਿਆਸਤ ਦਾ ਅੰਗ ਸੀ, ਉਥੋਂ ਦੇ ਯਥਾਰਥ ਦਾ ਟੁਕੜਾ...

ਮ. ਟ. : ...ਮੈਂ ਇਥੋਂ ਅਤੇ ਉਥੋਂ ਦੇ ਸਿਆਸੀ ਯਥਾਰਥ ਦਾ ਟੁਕੜਾ ਹਾਂ।

ਸ. ਹ. : ਤੁਹਾਡੇ ਘਰ ਵਾਲਿਆਂ ਦਾ ਕੀ ਪ੍ਰਤੀਕਰਮ ਸੀ ? ਇਹ ਸਵਾਲ ਸਾਡੇ ਪਾਠਕਾਂ ਲਈ ਬੜਾ ਅਹਿਮ ਹੈ ਕਿਉਂਕਿ ਸਾਡੇ ਟੱਬਰ ਅਪਣੇ ਕਿਸੇ ਜੀ ਦੀ ਸਿਆਸੀ ਸਾਂਝ ਨੂੰ ਬਹੁਤਾਂ ਚਗਾ ਨਹੀਂ ਸਮਝਦੇ।

ਮ. ਟ. : ਜਿਵੇਂ ਤੁਹਾਨੂੰ ਪਤਾ ਸਾਡੇ ਪਰਵਾਰ ਦੇ ਜੀਆਂ ਤੇ ਬਹੁਤ ਅਸਰ ਨਹੀਂ ਹੁੰਦਾ ਅਤੇ ਮੇਰੇ ਪਰਵਾਰ ਦਾ ਮੇਰੇ ਤੇ ਕੋਈ ਅਸਰ ਨਹੀਂ ਪਿਆ। ਮੇਰੇ ਪਿਤਾ ਦੀ ਮਿਸਾਲ ਲਉ। ਉਹਨੂੰ ਜੋ ਕੁਝ ਮੈਂ ਕਰਦੀ ਹਾਂ ਉਹਦਾ ਸਤਿਕਾਰ ਹੈ। ਉਹ ਮੇਰੇ ਨਾਲ ਸਹਿਮਤ ਨਾ ਵੀ ਹੋਵੇ ਪਰ ਉਹ ਮੇਰੇ ਕੰਮ ਜਾਂ ਸਰਗਰਮੀਆਂ ਨੂੰ ਜਾਇਜ਼ ਸਮਝਦਾ ਹੈ। ਅੰਗਰੇਜ਼ ਪਰਵਾਰ ਜੇ ਆਪਣੇ ਕਿਸੇ ਜੀ ਦੀ ਲਗਨ ਨੂੰ ਈਮਾਨਦਾਰਾਨਾ ਸਮਝਦਾ ਹੈ ਤਾਂ ਅਸਹਿਮਤੀ ਦੇ ਬਾਵਜੂਦ ਵੀ ਇਹ ਨੂੰ ਠੀਕ ਸਮਝਦਾ ਹੈ।

ਸ. ਹ. : ਤੁਸੀਂ ਜੋ ਵੀ ਕਹੋ ਪਰ ਤੁਹਾਡੇ ਪਿਤਾ ਦਾ ਤੁਹਾਡੇ ਲਈ ਕੀ ਉਹੀ ਮੋਹ ਹੈ ?

ਮ. ਟ. : ਹਾਂ, ਉਹ ਮੈਨੂੰ ਬਹੁਤ ਨੇੜੇ 'ਤੋਂ ਜਾਣਦਾ ਹੈ।

ਸ. ਹ, : ਬਿਹਾਰ ਦੀਆਂ ਜੇਲ੍ਹਾਂ ਬਾਰੇ ਪੁਲਿਸ ਕਮਿਸ਼ਨ ਦੀ ਰਪੋਰਟ ਸੀ ਜਿਸ ਵਿਚ ਉਹਨਾਂ ਔਰਤਾਂ ਦਾ ਜ਼ਿਕਰ ਹੈ ਜਿਹੜੀਆਂ ਤੁਹਾਡੀ ਕਿਤਾਬ ਵਿਚ ਪਾਤਰਾਂ ਵਾਂਗੂ ਆਉਂਦੀਆਂ ਹਨ। ਕਈ ਵਾਰੀ ਤਾਂ ਪੁਲਿਸ ਕਮਿਸ਼ਨ ਦੀ ਰਪੋਰਟ ਤੁਹਾਡੀ ਕਿਤਾਬ ਦੀ ਨਕਲ ਪਰਤੀਤ ਹੁੰਦੀ ਹੈ।

ਮ. ਟ. : ਮੈਂ Indian Express ਵਿਚ ਲੇਖ ਵੇਖੇ ਸਨ। ਮੇਰੇ ਕਈ ਹਿੰਦੁਸਤਾਨੀ ਦੋਸਤ ਮੈਨੂੰ ਮੇਰੇ ਨਾਲ ਸਬੰਧਿਤ ਲੇਖ ਆਦਿ ਭੇਜਦੇ ਰਹਿੰਦੇ ਹਨ। ਭਾਵੇਂ ਮੈਂ ਉਹਨਾਂ ਨੂੰ ਜਾਣਦੀ ਨਹੀਂ; ਉਹ ਮੈਨੂੰ ਜਾਣਦੇ ਹਨ। ਮੈਨੂੰ ਲੇਖ ਪੜ੍ਹਕੇ ਹਾਸਾ ਜਿਹਾ ਆਉਣ ਲੱਗਾ। ਪੁਲਿਸ ਵਾਲਿਆਂ ਨੂੰ ਤਾਂ ਇਹਨਾਂ ਗੱਲਾਂ ਦਾ ਕਈ ਸਾਲਾਂ ਤੋਂ ਪਤਾ ਸੀ ਪਰ ਕਮਿਸ਼ਨ ਨੇ ਇਹਨਾਂ ਹੀ ਗੱਲਾਂ ਨੂੰ ਇੰਝ ਪੇਸ਼ ਕੀਤਾ ਜਿਵੇਂ ਕੋਈ ਦਰਯਾਫਤ (discovery) ਹੁੰਦੀ ਹੈ। ਬਿਹਾਰ ਪ੍ਰੈਸ ਵਿਚ undertrials ਬਾਰੇ ਪਹਿਲਾਂ ਵੀ ਲੇਖ ਆਏ ਸਨ ਪਰ ਸਾਰੀ ਗੱਲ ਠੁੱਸ ਹੋ ਗਈ ਸੀ।

ਸ. ਹ. : ਜਦ ਤੁਸੀਂ ਕੋਈ ਗੱਲ ਕਹਿੰਦੇ ਹੋ ਤਾਂ ਰਿਆਸਤ ਨੂੰ ਇਤਬਾਰ ਨਹੀਂ ਆਉਂਦਾ ਪਰ ਜੇ ਉਹ ਦਾ ਕਮਿਸ਼ਨ ਇਹੀ ਗੱਲਾਂ ਕਹਿੰਦਾ ਹੈ ਤਾਂ ਉਹ ਤੱਥ ਬਣ ਜਾਂਦੀਆਂ ਹਨ।

ਮ. ਟ. : ਸਰਕਾਰੀ ਰਪੋਰਟ ਵਿਚ ਆਈਆਂ ਗੱਲਾਂ ਸੱਚ ਬਣ ਜਾਂਦੀਆਂ ਹਨ ਭਾਵੇਂ ਉਹ ਝੂਠੀਆ ਹੀ ਹੋਣ, ਪਰ ਸਿਆਸੀ ਵਿਰੋਧੀਆਂ ਦੀ ਕਹੀ ਸੱਚੀ ਗੱਲ ਵੀ ਝੂਠ ਮੰਨੀ ਜਾਂਦੀ ਹੈ।

ਸ. ਹ. : ਤੁਹਾਡਾ ਕਿਤਾਬਦੇ ਦਾਅ ਪੇਚ(strategy)ਬਾਰੇ ਕੀ ਖਿਆਲ ਹੈ?ਤੁਸੀਂ ਹਿੰਦੁਸਤਾਨੀ ਜ਼ਿੰਦਗੀ ਦੀ ਦੁਰਦਸ਼ਾ ਦਾ ਅਜਿਹਾ ਨਰਕੀ ਵਰਨਣ ਕੀਤਾ ਹੈ ਕਿ ਇਹ ਨਤੀਜਾ ਸੁੱਤੇ ਸਿੱਧ ਪ੍ਰਤੀਤ ਹੋਣ ਲਗਦਾ ਹੈ ਕਿ ਅਜਿਹੀ ਹਾਲਤ ਤੋਂ ਨਿਜਾਤ ਪਾਉਣ ਲਈ ਆਮ ਲੋਕਾਂ ਦਾ ਇਨਕਲਾਬੀ ਅਮਲ ਬਹੁਤ ਲਾਜ਼ਮੀ ਹੈ। ਤੁਸੀਂ ਆਪਣੀ ਕਿਤਾਬ ਵਿਚ ਮਾਰਕਸੀ-ਲੈਨਿਨੀ ਸਿਆਸਤ ਬਾਰੇ ਕੁਝ ਨਹੀਂ ਕਿਹਾ। ਇਹ ਨੂੰ by default ਹੀ ਠੀਕ ਸਾਬਤ ਕੀਤਾ ਹੈ। ਕਿਉਂਕਿ ਲੋਕਾਂ ਦੀ ਘੋਰ ਮੰਦਹਾਲੀ ਹੈ, ਜਿਹੜੀ ਇਨਕਲਾਬੀ ਅਮਲ ਦੀ ਮੰਗ ਕਰਦੀ ਹੈ, ਇਸ ਕਰਕੇ ਮਾਰਕਸੀ-ਲੈਨਿਨੀ ਸਿਆਸਤ ਠੀਕ ਹੈ।

ਮ. ਟ. : ਕਿਤਾਬ ਲਿਖਣ ਲੱਗਿਆਂ ਮੇਰੇ ਮਨ ਵਿਚ ਬਰਤਾਨਵੀ ਰਾਜ ਦਾ ਪਿਛੋਕੜ ਸੀ। ਮੈਂ ਇਕ ਭਾਂਤ ਬਰਤਾ ਰਾਜ ਦਾ ਨਵਾਂ ਨੁਮਾਇੰਦਾ ਨਹੀਂ ਹੋਣਾ ਚਾਹੁੰਦੀ ਸੀ ਜਿਹੜਾ ਹਿੰਦੁਸਤਾਨੀ ਲੋਕਾਂ ਨੂੰ ਦਸਦਾ ਫਿਰੇ ਵੇਖੋ, ਮੈਂ ਪੰਜ ਸਾਲ ਜੇਲ੍ਹ 'ਚ ਕੱਟੇ ਹਨ, ਮੈਨੂੰ ਹਰ ਗੱਲ ਦਾ ਗਿਆਨ ਹੈ ਅਤੇ ਲੋਕਾਂ ਨੂੰ ਇਹ ਕ ਚਾਹੀਦਾ ਹੈ। ਮੇਰੇ ਆਪਣੇ ਵਿਚਾਰ ਸਨ ਪਰ ਮੈਂ ਇਹਨੂੰ ਪਿਛੋਕੜ ਵਿਚ ਹੀ ਰਖਣਾ ਚਾਹੁੰਦੀ ਸੀ। ਸ ਉਹਨਾਂ ਪੇਂਡੂ ਔਰਤਾਂ ਦੇ ਜਿਹਨਾਂ ਨਾਲ ਮੈਂ ਰਹਿੰਦੀ ਸਾਂ ਮੇਰਾ ਹਿੰਦੁਸਤਾਨ ਵਿਚ ਹੋਰਾਂ ਨਾਲ ਬ ਸੰਪਰਕ ਨਹੀਂ ਸੀ। ਮੇਰਾ ਬਿਹਾਰ ਦੇ ਸੀਮਤ ਇਲਾਕੇ ਵਿਚ ਸੀਮਤ ਅਨੁਭਵ ਸੀ। ਹਿੰਦੋਸਤਾਨ ਉਪ-ਮਹਾਂਦੀਪ ਹੈ। ਨਾ ਤਾਂ ਮੈਂ ਕਿਸੇ ਨਾਲ ਦਾਅ ਪੇਚ ਦੀ ਬਹਿਸ ਕੀਤੀ ਸੀ ਅਤੇ ਨਾ ਮੈਂ ਇਹਦੇ ਬਾਰੇ ਕਹਿਣ ਦਾ ਕੁਝ ਇਖਤਿਆਰ ਰੱਖਦੀ ਸੀ। ਇਸ ਕਰਕੇ ਕਿਤਾਬ ਵਿਚ ਪੂਰੀ ਵਿਕ ਦਾਅ ਪੇਚ ਵਰਗੀ ਕੋਈ ਚੀਜ਼ ਹੈ। ਮੈਂ ਹਿੰਦੁਸਤਾਨੀ ਇਨਕਲਾਬੀਆਂ ਨੂੰ ਨਾ ਉਦੋਂ ਨਾ ਹੁਣ ਦਾਅ ਪੇਚ ਡਿਕਟੇਟ ਕਰਨ ਦੇ ਹੱਕ ਵਿਚ ਹਾਂ। ਪਰ ਮੈਨੂੰ ਇਹ ਪਤਾ ਹੈ ਅਤੇ ਇਸ ਦਾ ਮੈਨੂੰ ਪੂ ਵਿਸ਼ਵਾਸ਼ ਹੈ ਕਿ ਮਾਕਸਵਾਦੀ-ਲੈਨਿਨਵਾਦੀ ਹਿੰਦੁਸਤਾਨੀ ਆਬਾਦੀ ਦੇ ਬਿਹਤਰੀਨ ਅੰਸ਼ ਹਨ, ਜਿਹ ਵਿਚ ਬਹੁਤ ਸਾਰੇ ਵਿਅਕਤੀ ਲਗਨ ਅਤੇ ਆਪਾ-ਸਮਰਪਨ ਵਾਲੇ ਨਹਾਇਤ ਈਮਾਨਦਾਰ ਬੰਦੇ ਹ ਇਹਨਾਂ ਦਾ ਦੂਸਰੀ ਪਾਰਟੀਆਂ ਨਾਲ ਮੁਕਾਬਲਾ ਹੀ ਨਹੀਂ ਜਿਹਨਾਂ ਦੇ ਆਗੂ ਕਮਾਈ, ਮੌਕਾ ਪਰਸ ਅਤੇ ਟਰੇਡ ਯੂਨੀਅਨਾਂ ਵਿਚ ਆਪਣਾ 'ਰਾਜ' ਕਾਇਮ ਕਰਨ ਵਿਚ ਲਗੇ ਰਹਿੰਦੇ ਹਨ। ਮੈਂ ਨ ਕਹਿੰਦੀ ਕਿ ਸਾਰੇ ਮਾਰਕਸਵਾਦੀ-ਲੈਨਿਨਵਾਦੀ ਠੀਕ ਹਨ ਅਤੇ ਜੋ ਕੁਝ ਉਹ ਕਰਦੇ ਹਨ ਠੀਕ ਹੈ ਉਹਨਾਂ ਵਿਚ ਆਪਣੇ ਮੱਤ ਭੇਦ ਹਨ, ਮੈਂ ਸਾਰਿਆਂ ਨੂੰ ਕਿਸ਼ ਤਰ੍ਹਾਂ ਠੀਕ ਕਹਿ ਸਕਦੀ ਹਾਂ। ਪਰ ਉਹ ਵਿਚ ਲਗਨ ਸਮਰਪਨ ਲੋਕ-ਪਿਆਰ ਦੀ ਵੱਡੀ ਸਾਂਝ ਹੈ। ਉਹ ਜਾਣਦੇ ਹਨ ਕਿ ਸੰਸਦੀ ਢਾਂਚਾ ਅ ਦਾ ਕੁਛ ਨਹੀਂ ਸੰਵਾਰ ਸਕਦਾ। ਨਾ ਤਾਂ ਮੈਂ ਦਾਅ ਪੇਚ ਦੱਸਣ ਦੇ ਕਾਬਲ ਹਾਂ, ਨਾ ਹੀ ਮੇਰਾ ਫ਼ ਫਰਜ਼ ਹੈ। ਮੇਰਾ ਫਰਜ਼ ਤਾਂ ਉਹ ਗੱਲਾਂ ਦਸਣੀਆਂ ਸਨ, ਜਿਹੜੀਆਂ ਮੈਂ ਜਾਣਦੀ ਸੀ।

ਸ. ਹ. : ਮਾਰਕਸੀ-ਲੈਨਿਨੀ ਲਿਖਾਰੀ ਵਰਕਰ, ਹਮਦਰਦ ਤਾਂ ਹਰ ਵੇਲੇ ਹਰ ਮੌਕੇ ਆਪਣੀ ਸਿਆਸਤ ਅ ਗਰੁਪ ਦੀ ਗੱਲ ਕਰਦਾ ਹੈ

ਮ. ਟ. : ਨਹੀਂ ਮੈਂ ਇਹ ਨਹੀਂ ਕਹਿਣਾ ਚਾਹੁੰਦੀ ਕਿ ਫਲਾਨਾ ਗਰੁਪ ਠੀਕ ਹੈ ਅਤੇ ਮੈਂ ਫੁਲਾਨੇ ਨਾਲ ਹਾਂ। ਮੇ ਖਿਆਲ ਹੈ ਕਿ ਮਾਰਕਸਵਾਦੀ-ਲੇਨਿਨਵਾਦੀ ਹਿੰਦੁਸਤਾਨੀ ਆਬਾਦੀ ਦੇ ਬਿਹਤਰੀਨ ਅੰਸ਼ ਹਨ ਜਿ ਇਨਕਲਾਬੀ ਪ੍ਰੋਗਰਾਮ ਲਈ ਇਕੱਠੇ ਹੋਣ ਦੀ ਕੋਸ਼ਿਸ਼ ਕਰ ਸਕਦੇ ਹਨ।

ਸ ਹ. : ਸ਼ਖ਼ਸੀ ਦਹਿਸ਼ਤ ਬਾਰੇ ਤੁਹਾਡਾ ਕੀ ਖਿਆਲ ਹੈ ? ਮੈਂ ਨਹੀਂ ਕਹਿੰਦਾ ਕਿ ਦਹਿਸ਼ਤਪਸੰਦੀ ਹਮੇਸ਼ਾ ਗਲ ਹੁੰਦੀ ਹੈ ਅਤੇ ਸ਼ਖਸ਼ੀ ਦਹਿਸ਼ਤ ਵਿਚ ਕਦੇ ਨਹੀਂ ਪੈਣਾ ਚਾਹੀਦਾ। ਸਵਾਲ ਤਾਂ ਇਹ ਹੈ ਕਿ ਕੀ ਸ ਸੰਦਰਭ ਵਿਚ ਠੀਕ ਪਾਲਸੀ ਸੀ ? ਇਹਦਾ ਵੀ ਕਿਤਾਬ ਵਿਚ ਜ਼ਿਕਰ ਨਹੀਂ ਹੈ।

ਮ. ਟ. : ਮੈਂ ਮੁੱਖ ਬੰਦ ਵਿਚ ਕਿਹਾ ਹੈ ਮਾਕਸਵਾਦੀ-ਲੈਨਿਨਵਾਦੀ ਲਹਿਰ ਕੁਝ ਤਾਂ ਸਰਕਾਰੀ ਦਮਨ ਕਾ ਨਾ-ਕਾਮਯਾਬ ਹੋਈ ਅਤੇ ਕੁਝ ਅਵਾਮੀ ਲਹਿਰ ਦੀ ਅਣਹੋਂਦ ਵਿਚ ਸ਼ਖ਼ਸੀ ਦਹਿਸ਼ਤ ਦੀ ਨੀਤੀ ਕਰਕੇ ਇਹ ਗਲਤੀ ਸ਼ਾਇਦ ਕਈ ਥਾਵਾਂ 'ਤੇ ਹੁਣ ਵੀ ਹੋਈ ਜਾ ਰਹੀ ਹੈ।

ਸ. ਹ. : ਹਿੰਦੁਸਤਾਨ ਵਿਚ ਮਾਰਕਸਵਾਦੀ-ਲੈਨਿਨਵਾਦੀ ਲਹਿਰ ਸੰਕਟ ਵਿਚ ਹੈ। ਮੈਂ ਬਰਤਾਨਵੀ ਮਾਰਕਸਵਾਦ ਲੈਨਿਨਵਾਦੀ ਮਿੱਤਰਾਂ ਨੂੰ ਟੁੱਟ-ਫੁਟ (splintering) ਦੇ ਸੰਕਟ 'ਚ ਫਸੇ ਵੇਖਿਆ ਹੈ। ਤੁਹਾਡਾ ਇ ਨੁਕਤੇ ਬਾਰੇ ਕੀ ਖਿਆਲ ਹੈ ?

ਮ. ਟ. : ਟੁੱਟ-ਫੁੱਟ ਦੇ ਸੰਕਟ ਦਾ ਵਿਸ਼ਵ-ਸਥਿਤੀ (world situation) ਨਾਲ ਸੰਬੰਧ ਹੈ। ਬਦ-ਕਿਸਮ ਨਾਲ ਕਈਆਂ ਨੂੰ ਇਸ ਗੱਲ ਦਾ ਬਹੁਤਾ ਅੰਦੇਸ਼ਾ ਰਹਿੰਦਾ ਹੈ ਕਿ ਫਲਾਨੇ ਦੇਸ਼ ਵਿਚ ਕੀ ਹੋ ਰਿਹਾ ਹੈ ਅ

ਫਲਾਨੇ ਨੇ ਕੀ ਕਿਹਾ ਹੈ ? ਉਹਨਾਂ ਨੂੰ ਇਸ ਗੱਲ ਦਾ ਇੰਨਾਂ ਫ਼ਿਕਰ ਨਹੀਂ ਕਿ ਉਹਨਾਂ ਦੀਆਂ ਅੱਖਾਂ ਸਾਹਵੇਂ ਕੀ ਵਾਪਰ ਰਿਹਾ ਹੈ ? ਜ਼ਿਆਦਾ ਜ਼ਰੂਰੀ ਚੀਜ਼ ਤਾਂ ਇਹ ਦੇ ਨਾਲ ਦਸਤ ਪੰਜਾ ਲੈਣ ਦੀ ਹੈ ਕਿ ਤੁਹਾਡੇ ਮੁਲਕ 'ਚ ਕੀ ਹੋ ਰਿਹਾ ਹੈ। ਹਿੰਦੁਸਤਾਨ ਵਿਚ ਅਵਾਮੀ ਇਨਕਲਾਬੀ ਲਹਿਰ ਹੋਰ ਵੀ ਜ਼ਰੂਰੀ ਹੈ ਕਿਉਂਕਿ ਇਨਕਲਾਬੀ ਸਰਕਾਰ ਨੂੰ ਸਾਮਰਾਜ ਦਾ ਮੁਕਾਬਲਾ ਕਰਨ ਲਈ ਪੂਰੇ ਲੋਕਾਂ ਦੀ ਹਮਾਇਤ ਦੀ ਲੋੜ ਪਵੇਗੀ। ਕਈ ਗਰੁਪ ਲੋਕਾਂ ਨੂੰ ਜਿੱਤਣ ਤੋਂ ਪਹਿਲਾਂ ਹੀ ਸਾਮਰਾਜ ਨੂੰ ਨਜਿੱਠਣ ਲੱਗ ਪਏ ਹਨ। ਮੈਂ ਗਲਤ ਹੋ ਸਕਦੀ ਹਾਂ ਸਿਆਸੀ ਤੌਰ 'ਤੇ। ਲੋਕਾਂ ਲਈ ਉਹਨਾਂ ਦੀਆਂ ਨਿਤਾਪ੍ਰਤੀ ਤਕਲੀਫ਼ਾਂ ਬਾਹਰੀ ਖ਼ਤਰੇ ਨਾਲੋਂ ਕਿਤੇ ਜ਼ਿਆਦਾ ਮਹੱਤਵ ਰੱਖਦੀਆਂ ਹੁੰਦੀਆਂ ਹਨ।

ਸ. ਹ. : ਮੈਂ ਤੁਹਾਡੇ ਨਾਲ ਪੂਰੀ ਤਰ੍ਹਾਂ ਸਹਿਮਤ ਹਾਂ। ਮੁੱਖ-ਚਿੰਤਾ ਤਾਂ ਲੋਕ-ਦੁੱਖ ਦੂਰ ਕਰਨ ਦੀ ਹੋਣੀ ਚਾਹੀਦੀ ਹੈ ਜਿਸ ਵਿਚ ਕੌਮਾਂਤਰੀ ਨੀਤੀ ਹਰ ਵੇਲੇ ਹੀ ਅੜਿੱਚਨ ਨਹੀਂ ਬਣ ਸਕਦੀ।

ਮ. ਟ. : ਨਾ ਮਾਸਕੋ ਮੱਕਾ ਹੈ, ਨਾ ਪੀਕਿੰਗ ਮੱਕਾ ਹੈ ..

ਸ. ਹ. : ...ਲੋਕ ਹੀ ਮੱਕਾ ਹਨ।

ਮ. ਟ. : ਇਸ ਕਿਸਮ ਦੀ ਧਾਰਮਿਕ ਸੋਚਣੀ ਤੋਂ ਦੂਰ ਰਹਿਣਾ ਚਾਹੀਦਾ ਹੈ।

ਸ. ਹ. : ਸਾਡੇ ਪਾਠਕਾਂ ਦੇ ਬੜੇ ਭੁਲੇਖੇ ਹਨ ਕਿ ਪੱਛਮ ਵਿਚ ਲਿਖਾਰੀ ਬਹੁਤ ਅਮੀਰ ਹੋ ਜਾਂਦੇ ਹਨ। ਤੁਸੀਂ ਉਹਨਾਂ ਨੂੰ ਦਸੋਗੇ ਕਿ ਤੁਸੀਂ ਆਪਣੀ ਕਿਤਾਬ 'ਚੋਂ ਕੀ ਖੱਟੀ ਕੀਤੀ ?

ਮ. ਟ. : (ਹਾਸਾ) ਮੈਨੂੰ ਇੰਨੇ ਥੋੜੇ ਪੈਸੇ ਮਿਲੇ ਕਿ ਮੈਨੂੰ ਅਸਲ ਰਕਮ ਦੀ ਯਾਦ ਵੀ ਨਹੀਂ। ਜੇ ਕਿਸੇ ਨੇ ਪੈਸੇ ਕਮਾਉਣੇ ਹਨ ਤਾਂ ਉਹ ਸਿਆਸੀ ਕਿਤਾਬ ਲਿਖਣ ਨਾਲ ਨਹੀਂ ਬਣਦੇ, ਸਗੋਂ **best-seller** ਨਾਲ ਹੀ ਮਿਲਦੇ ਹਨ। ਇਹਨਾਂ ਪਿਛਲੇ ਸਾਲਾਂ ਵਿਚ ਇਕੱਠੇ ਨਹੀਂ ਸਗੋਂ ਕਦੇ ਕਿੰਨੇ ਪੈਸੇ ਆਉਂਦੇ ਰਹੇ, ਜਿਹੜੇ ਮੁਸ਼ਕਿਲ ਨਾਲ ਤਿੰਨ ਚਾਰ ਸੌ ਪੌਂਡ ਹੋਣਗੇ। ਕਿਤਾਬ ਨੇ ਮੈਨੂੰ ਅਮੀਰ ਨਹੀਂ ਬਣਾ ਦਿਤਾ।

ਸ. ਹ. : ਇਹ ਪੈਸੇ ਇੰਨੇ ਹਨ ਕਿ ਕੋਈ ਵੀ ਕਾਰੀਗਰ ਦੋ ਹਫ਼ਤਿਆਂ 'ਚ ਕਮਾ ਲੈਂਦਾ ਹੈ।

ਮ. ਟ. : ਹਾਂ। ਇਹੀ ਭੁਲੇਖਾ ਕਈ ਵਾਰ ਇਥੇ ਵੀ ਪੈ ਜਾਂਦਾ ਹੈ। ਜਦ ਮੈਂ ਹਿੰਦੁਸਤਾਨ ਤੋਂ ਵਾਪਸ ਆਈ ਤਾਂ ਮੈਨੂੰ ਕਾਫ਼ੀ ਔਕੜਾਂ ਦਾ ਸਾਹਮਣਾ ਕਰਨਾ ਪਿਆ। ਉੱਥੇ ਵੀ ਔਖੀ, ਇਥੇ ਵੀ ਔਖੀ। ਕੰਮ ਲਭਣਾ ਸੀ, ਮਕਾਨ ਲੱਭਣਾ ਸੀ। ਮੈਂ ਕਿਸੇ ਦੋਸਤ ਕੋਲੋਂ 60 ਪੌਂਡ ਦੀ ਪੁਰਾਣੀ ਕਾਰ ਖਰੀਦ ਲਈ। ਜਦੋਂ ਕਈਆਂ ਨੇ ਮੈਨੂੰ ਕਾਰ 'ਚ ਜਾਂਦੇ ਵੇਖਿਆ ਤਾਂ ਕਹਿਣ ਲਗੇ--ਮੇਰੀ ਅਮੀਰ ਹੋ ਗਈ।

ਸ. ਹ. : ਜੇ ਤੁਹਾਡੀ ਕਿਤਾਬ ਦਾ ਪੰਜਾਬੀ ਵਿਚ ਤਰਜਮਾ ਹੋਵੇ।

ਮ. ਟ. : ਜੇ ਕੋਈ ਠੀਕ ਕਿਸਮ ਦਾ ਪ੍ਰਕਾਸ਼ਿਕ ਮਿਲ ਜਾਵੇ ਜਿਸ ਨੂੰ ਪੈਸੇ ਦੀ ਲਗਨ ਦੀ ਥਾਂ ਕਿਤਾਬ ਦੇ ਉਦੇਸ਼ ਨਾਲ ਪਿਆਰ ਹੋਵੇ, ਅਨੁਵਾਦਕਾਰ ਆਪਣੇ ਕੰਮ ਵਿਚ ਈਮਾਨਦਾਰੀ ਵਖਾਵੇ ਅਤੇ ਇਹ ਦਾ ਸਿਆਸੀ ਪੈਗਾਮ ਠੀਕ ਲੋਕਾਂ ਤਕ ਪਹੁੰਚਾ ਸਕੇ ਤਾਂ ਮੈਨੂੰ **My Years In An Indian Prison** ਦੇ ਪੰਜਾਬੀ ਪ੍ਰਕਾਸ਼ਨ ਤੇ ਖ਼ੁਸ਼ੀ ਹੋਵੇਗੀ।

ਸ. ਹ. : ਪੰਜਾਬੀ ਵਿਚ ਸ. ਗੁਰਸ਼ਰਨ ਸਿੰਘ ਅਜਿਹੇ ਪ੍ਰਕਾਸ਼ਿਕ ਹਨ, ਜਿਹਨਾਂ ਨੂੰ ਮਾਰਕਸਵਾਦੀ-ਲੈਨਿਨਵਾਦੀ ਤਹਿਰੀਕ ਨਾਲ ਹਮਦਰਦੀ ਹੈ। ਉਹ ਨਾਟਕ ਮੰਡਲੀ ਦੇ ਸੰਚਾਲਕ ਹਨ, ਜਿਹੜੀ ਪਿੰਡਾਂ ਵਿਚ ਜਾ ਕੇ ਨਾਟਕ ਖੇਲਦੀ ਹੈ। ਉਹਨਾਂ ਦੀਆਂ ਪ੍ਰਕਾਸ਼ਨਾਵਾਂ ਦੁਕਾਨਾਂ ਤੇ ਨਹੀਂ, ਸਗੋਂ ਨਾਟਕ ਖੇਲ੍ਹਣ ਦੇ ਸਮੇਂ ਵੇਚੀਆਂ ਜਾਂਦੀਆਂ ਹਨ।

ਮ. ਟ. : ਠੀਕ, ਇਹ ਕਿਤਾਬਾਂ ਸਹੀ ਲੋਕਾਂ ਦੇ ਹੱਥਾਂ ਵਿਚ ਪਹੁੰਚ ਜਾਂਦੀਆਂ ਹਨ।

ਸ. ਹ, : ਤੁਸੀਂ ਆਪਣੇ ਪਾਠਕਾਂ ਨੂੰ ਕੁਝ ਕਹਿਣਾ ਚਾਹੋਗੇ ਜਿਹਨਾਂ ਤੁਹਾਡੀ ਕਿਤਾਬ ਤੁਹਾਡੀ ਸਿਆਸਤ ਕਰਕੇ ਨਹੀਂ ਇਹਦੇ ਬਾਵਜੂਦ ਪੜ੍ਹੀ ਹੈ ਅਤੇ ਤੁਹਾਡੇ ਕੋਲੋਂ ਪ੍ਰਭਾਵਿਤ ਹੋਏ ਹਨ।

ਮ. ਟ. : ਮੈਂ ਗੈਰ–ਸਿਆਸੀ ਪ੍ਰਸ਼ੰਸ਼ਕਾਂ 'ਤੇ ਰਤਾ ਕੁ ਹੈਰਾਨ ਵੀ ਹਾਂ ਪਰ ਮੈਂ ਉਹਨਾਂ ਨੂੰ ਇਹੀ ਕਹਾਂਗੀ ਕਿ ਉਹ ਇਹ ਨੂੰ ਭਿਆਨਕ ਕਹਾਣੀ (horror story) ਨਾ ਸਮਝਣ । ਉਹਨਾਂ ਨੂੰ ਹਿੰਦੁਸਤਾਨ ਦੀ ਭਿਆਨਕ ਹਾਲਤ ਬਦਲਣ ਲਈ ਕੁਝ ਨਾ ਕੁਝ ਕਰਨਾ ਚਾਹੀਦਾ ਹੈ । ਹਿੰਦੁਸਤਾਨ ਵਿਚ ਇਤਨੀ ਜਨ ਸ਼ਕਤੀ ਹੈ ਕਿ ਉਹ ਲਾਮਬੰਦ ਹੋ ਕੇ ਸਭ ਕੁਝ ਕਰ ਸਕਦੀ ਹੈ । ਮੇਰੇ ਅਸਲ ਪਾਠਕ ਤਾਂ ਇਸ ਜਨ–ਸ਼ਕਤੀ ਵਿਚ ਹਨ ।

ਸ. ਹ. : ਤੁਸੀਂ ਸਿਆਸੀ ਸਾਹਿਤ ਦੇ ਤਕਨੀਕੀ ਮੁਆਮਲਿਆਂ ਬਾਰੇ ਕੁਝ ਸੋਚਿਆ । ਬੁਰਜ਼ਵਾ ਲਿਖਾਰੀ ਦੀ ਜ਼ਿੰਮੇ-ਵਾਰੀ ਕੇਵਲ ਆਪਣੇ ਅਨੁਭਵ ਤੱਕ ਹੀ ਸੀਮਤ ਹੈ । ਪ੍ਰੋਲਤਾਰੀ ਲਿਖਾਰੀ ਨੇ ਆਪਣੇ ਅਨੁਭਵ ਨੂੰ ਇੰਝ ਪੇਸ਼ ਕਰਨਾ ਹੈ ਕਿ ਉਸ ਦੇ ਪਾਠਕ ਕੁਝ ਕਰ ਸਕਣ । ਇਸ ਕਰਕੇ ਪ੍ਰੋਲਤਾਰੀ ਲਿਖਾਰੀ ਮਾੜਾ ਬੁਰਜ਼ਵਾ ਲਿਖਾਰੀ ਨਹੀਂ ਹੁੰਦਾ, ਸਗੋਂ ਉਹਦੀ ਲਿਖਤ ਚੰਗੀ ਬੁਰਜ਼ਵਾ ਲਿਖਤਾਂ ਨਾਲੋਂ 'ਵਾਧੂ' ਹੁੰਦੀ ਹੈ । ਇਹ 'ਵਾਧੂ' ਚੀਜ਼ ਹੈ ਸਿਆਸਤ ਅਤੇ ਪਾਠਕ ਦੀ ਸਰਗਰਮੀ ਨੂੰ ਪੈਦਾ ਕਰਨਾ ।

ਮ. ਟ. : ਮੈਂ ਇਸ ਪਾਸੇ ਧਿਆਨ ਨਹੀਂ ਦਿੱਤਾ । ਇਹ ਠੀਕ ਹੈ ਕਿ ਸਾਡੀ ਸਿਆਸੀ ਲਿਖਤ ਦੀ ਵਧੇਰੀ ਜ਼ਿੰਮੇਵਾਰੀ ਹੈ । ਬੁਰਜ਼ਵਾ ਲਿਖਾਰੀ ਦਾ ਸਿਆਸੀ ਨਾ ਹੋਣਾ ਦਰਅਸਲ ਜਿਉਂ ਦੇ ਤਿਉਂ (status quo) ਨਜ਼ਾਮ ਨੂੰ ਕਾਇਮ ਰੱਖਣ ਦੀ ਸਿਆਸਤ ਹੈ । ਸਾਨੂੰ ਆਪਣੇ ਲਫ਼ਜ਼ਾਂ ਦੀ ਚੋਣ ਬੜੇ ਧਿਆਨ ਨਾਲ ਕਰਨੀ ਚਾਹੀਦੀ ਹੈ ਅਤੇ ਆਪਣੀ ਭਾਸ਼ਾ ਵਿਚ ਗੱਲ ਕਹਿਣੀ ਚਾਹੀਦੀ ਹੈ । ਸਾਨੂੰ ਬੁਰਜੂਆਜ਼ੀ ਦੇ ਭਾਸ਼ਾਈ ਖੱਡੇ ਤੋਂ ਬਚਣਾ ਚਾਹੀਦਾ ਹੈ । ਸਾਡੀ ਭਾਸ਼ਾ ਦੀ ਆਪਣੀ ਆਵਾਜ਼ ਹੋਣੀ ਚਾਹੀਦੀ ਹੈ, ਜਿਹੜੀ ਲੋਕਾਂ ਦੀ ਆਵਾਜ਼ ਹੋਵੇ...

ਸ. ਹ. : ਅਸੀਂ ਦੁਸ਼ਮਣ ਦੀ ਆਵਾਜ਼ ਵਿਚ ਦੋਸਤਾਂ ਨੂੰ ਕੀ ਕਹਿ ਸਕਾਂਗੇ ।

ਮ. ਟ. : ਇਸ ਕਰਕੇ ਬੜੀ ਸਾਵਧਾਨੀ ਦੀ ਲੋੜ ਹੈ । ਸਾਡੇ ਉਤੇ ਟੈਲੀਵੀਜ਼ਨ ਆਦਿ ਦੇ ਦੁਸ਼ਮਣ ਅਸਰ ਪੈਂਦੇ ਰਹਿੰਦੇ ਹਨ । ਇਸ ਕਰਕੇ ਸਾਡੀ ਲਿਖਤ ਵਿਚ ਸੁਚੇਤ ਉੱਦਮਾਂ ਦੀ ਲੋੜ ਹੈ ।

ਸ. ਹ. : ਮੈਂ ਆਪਣੇ ਪਾਠਕਾਂ ਵਲੋਂ ਤੁਹਾਡਾ ਬਹੁਤ ਧੰਨਵਾਦੀ ਹਾਂ ।

ਮ. ਟ. : ਸ਼ੁਕਰੀਆ ।

[ਮੂਲ ਇੰਟਰਵੀਊ ਅੰਗ੍ਰੇਜ਼ੀ ਵਿਚ ਰਿਕਾਰਡ ਕੀਤੀ ਗਈ ਹੈ]

( 13 ਸਫ਼ੇ ਦੀ ਬਾਕੀ)

ਗੁਆਂਢ ਅਤੇ ਪਿੰਡ ਦੇ ਹਿਤੂ ਸਜਣਾਂ ਨਾਲ ਭਰਿਆ ਪਿਆ ਸੀ । ਮਾਂ ਘੜੀ ਮੁੜੀ ਮੇਰੀ ਛੋਟੀ ਭਰਜਾਈ ਨੂੰ ਕਹੇ, "ਕੁੜੇ ਸੀਤੋ, ਲਿਆ ਅੰਦਰੋਂ ਗੁੜ, ਆਇਆਂ ਗਿਆਂ ਦਾ ਮੂੰਹ ਮਿੱਠਾ ਤਾਂ ਕਰਾ । ਸੁਖ ਨਾਲ ਮੇਰੇ ਤਿੰਨੇ ਪੁੱਤ ਅਜ ਜਿਹਲ 'ਚੋਂ ਛੁੱਟ ਕੇ ਆਏ ਆ ।" ਮੈਂ ਹੱਸਕੇ ਕਿਹਾ, "ਬੇਬੇ ਬਲਵੰਤ ਤੇ ਗੁਰਨਾਮ ਜਿਹਲ ਯਾਤਰਾ ਕਰਕੇ ਆਏ ਆ, ਮੈਂ ਤਾਂ ਵਲਾਇਤੋਂ ਆਇਆਂ ।"

"ਵੇ ਅਮਰ, ਇਹਨਾਂ ਦੀ ਤਾਂ ਅਸੀਂ ਪੰਦਰੀਂ ਵੀਹੀਂ ਦਿਨੀ ਪਟਿਆਲੇ ਮੁਲਾਕਾਤ ਕਰ ਆਉਂਦੇ ਸੀ, ਪੁੱਤ ਤੂੰ ਆਇਆ ਅਜ ਕਾਲੇ ਪਾਣੀਓਂ । ਤੇਰਾ ਮੂੰਹ ਤਾਂ ਅਜ ਯੁਗੜਿਆਂ ਪਿਛੋਂ ਵੇਖਿਆ ।" ਮਾਂ ਦੀਆਂ ਅੱਖਾਂ ਵਿਚ ਹੰਝੂ ਕੰਬ ਰਹੇ ਸਨ, ਪਤਾ ਨਹੀਂ ਮਿਲਣ ਦੀ ਖ਼ੁਸ਼ੀ ਦੇ ਜਾਂ ਵਿਯੋਗ ਦੀ ਯਾਦ ਦੇ ।

ਕਹਾਣੀ

# ਕਾਲੇ ਪਾਣੀ

ਸ਼ਿਵਚਰਨ ਗਿੱਲ

ਵਡੇ ਭਰਾ ਦੇ ਜਿਹਲ ਜਾਣ ਦਾ ਮੈਨੂੰ ਕੋਈ ਦੁੱਖ ਨਹੀਂ ਸੀ। ਉਹ ਤਾਂ ਕਦੋਂ ਦਾ ਇਹੋ ਜਿਹੇ ਸਮੇਂ ਦੀ ਤਾੜ ਵਿਚ ਸੀ। ਵਕਾਲਤ ਚਲ ਜਾਣ ਪਿਛੋਂ ਉਹਦੇ ਸਿਰ ਲੀਡਰੀ ਦਾ ਭੂਤ ਸਵਾਰ ਹੋ ਗਿਆ ਸੀ। ਦਿਨੇ ਰਾਤ ਵਜ਼ੀਰੀ ਦੇ ਸੁਪਨੇ ਲੈਂਦਾ। ਪਖੰਡ ਰਚਾਉਣ ਵਿਚ ਉਹਨੇ ਕਦੇ ਢਿੱਲ ਨਹੀਂ ਸੀ ਕੀਤੀ। ਵਕਾਲਤ ਦੇ ਕਿੱਤੇ ਨੇ ਉਹਨੂੰ ਹਰ ਪਾਤਰ ਦੀ ਜ਼ਬਾਨ ਸਮਝਣ ਤੇ ਬੋਲਣ ਲਾ ਦਿਤਾ ਸੀ। ਸਰਕਾਰ ਨੇ ਐਮਰਜੈਂਸੀ ਲਾਈ ਤੇ ਉਹਦੇ ਪੌਂ ਬਾਰਾਂ ਹੋ ਗਏ। 'ਬੋਲੇ ਸੋ ਨਿਹਾਲ', 'ਸਰਕਾਰ ਮੁਰਦਾਬਾਦ' ਦੇ ਜੈਕਾਰੇ ਛੱਡਦਾ, ਆਪਣੇ ਨਾਲ ਪੰਦਰਾਂ ਵੀਹਾਂ ਦਾ ਜੱਥਾ ਲੈਕੇ ਪਿਡੋਂ ਤੁਰ ਪਿਆ। ਤਾਨਾ-ਸ਼ਾਹੀ ਸਰਕਾਰ ਨੇ ਉਹਨੂੰ ਪਟਿਆਲਾ ਜਿਹਲ ਵਿਚ ਡੱਕ ਦਿਤਾ। ਉਹਦੇ ਮਨ ਦੀ ਮੁਰਾਦ ਪੂਰੀ ਹੋ ਗਈ।

ਬਲਵੰਤ ਦੀ ਜਿਹਲ ਜਾਣ ਦੀ ਖਬਰ ਨੇ ਸਾਰੇ ਟੱਬਰ ਨੂੰ ਚਿੰਤਾਤੁਰ ਕਰ ਦਿਤਾ। ਪਿੰਡੋਂ ਧੜਾ ਧੜ ਚਿੱਠੀਆਂ ਆਉਣੀਆਂ ਸ਼ੁਰੂ ਹੋ ਗਈਆਂ। ਮਾਂ ਦੀ ਚਿਠੀ ਹੇਜ ਅਤੇ ਚਿੰਤਾ ਭਰਪੂਰ ਹੁੰਦੀ। "ਚੰਦਰੀ ਸਰਕਾਰ ਨੇ ਬਲਵੰਤ ਜਿਹਲ 'ਚ ਡੱਕ ਦਿਤਾ, ਪਤਾ ਨਹੀਂ ਉਹਦਾ ਕੀ ਬਣੂ। ਮੈਂ ਤਾਂ ਕਹਿਨੀਆਂ ਇਹੋ ਜਿਹੀ ਸਰਕਾਰ ਨੂੰ ਅੱਗ ਲੱਗ ਜੇ। ਉਹਦਾ ਕੱਖ ਨਾ ਰਹੇ। ਮੇਰਾ ਗਊ ਪੁੱਤ, ਦੋ ਵੇਲੇ ਪਾਠ ਕਰੇ, ਸਾਰਾ ਪਿੰਡ, ਪੱਟੜੀ ਫੇਰ ਉਹਦਾ ਸਲਹੁਤਾ ਕਰੇ। ਏਸ ਦਾ ਪਤਾ ਨਹੀਂ ਕੀ ਪੈਰ ਮਿੱਧਦਾ ਸੀ।" ਸਰਕਾਰ ਨੂੰ ਤੱਤੀਆਂ ਠੰਡੀਆਂ ਕਹਿਣ ਪਿਛੋਂ, ਚਿੱਠੀ ਦੇ ਅੱਖਰਾਂ 'ਚ ਮਾਂ ਦਾ ਤਰਲਾ ਹੁੰਦਾ। "ਪੁੱਤ ਅਮਰ ਤੂੰ ਸਿਆਣਾ, ਬਲਵੰਤ ਦਾ ਕੁਸ਼ ਕਰ। ਚਾਰ ਪੈਸੇ ਵਾਡੀ ਟੇਡੀ ਦੇ ਕੇ ਉਹਨੂੰ ਛੁੜਾ।"

ਮਾਂ ਨੂੰ ਮੈਂ ਦਿਲਾਸੇ ਦੀ ਚਿਠੀ ਲਿਖ ਦਿੰਦਾ, ਪਰ ਮਾਂ ਨੂੰ ਇਹ ਕਿਵੇਂ ਸਮਝਾਵਾਂ ਉਹ ਤਾਂ ਚਾਅ ਨਾਲ ਜਿਹਲ ਗਿਆ। ਜਿਹਲ ਜਾਣ ਨੂੰ ਤਾਂ ਉਹ ਕਦੋਂ ਦਾ ਤਰੌਂਦਾ ਸੀ। ਭਰਜਾਈ ਨੂੰ ਇਸ ਸਾਰੇ ਪ੍ਰੋਗਰਾਮ ਦੀ ਸਮਝ ਸੀ। ਉਹ ਕੇਵਲ ਚਿੱਠੀ 'ਚ ਬੱਚਿਆਂ ਦੀ ਪੜ੍ਹਾਈ ਦਾ ਜ਼ਿਕਰ ਕਰਦੀ।

ਪਟਿਆਲਾ ਜਿਹਲ 'ਚੋਂ ਬਲਵੰਤ ਦੀ ਚਿੱਠੀ ਆਉਂਦੀ ਰਹਿੰਦੀ। ਜ਼ਰੂਰੀ ਗੱਲਾਂ ਤੋਂ ਬਿਨਾਂ ਉਹ ਰਾਜਨੀਤੀ ਅਤੇ ਜ਼ਿੰਦਗੀ ਦੀ ਪ੍ਰਕਿਰਿਆ ਦਾ ਵਰਨਣ ਅਫਲਾਤੂਨ ਵਾਂਗ ਕਰਦਾ। ਫੌਜਦਾਰੀ ਦੇ ਮੁਕੱਦਮਿਆਂ ਦੀ ਦੱਫਾ ਤੋੜਨ ਭੰਨਣ ਤੋਂ ਬਿਨਾਂ ਹੁਣ ਉਹ ਜਿਹਲ ਵਿਚ ਜੱਥੇਦਾਰਾਂ ਦੀ ਭੰਨ-ਤੋੜ ਕਰਦਾ। ਜਿਵੇਂ ਬੁੱਧ ਨੂੰ ਗੱਯਾ ਦੇ ਬੋਹੜ ਥੱਲੇ ਗਿਆਨ ਹੋਇਆ ਸੀ ਓਵੇਂ ਹੀ ਬਲਵੰਤ ਨੂੰ ਸਿੱਖ ਇਤਿਹਾਸ ਅਤੇ ਸਿੱਖ ਸਿਧਾਂਤ ਦਾ ਗਿਆਨ ਜਿਹਲ ਵਿਚ ਹੋਇਆ ਲੱਗਦਾ।

ਮੈਂ ਕੰਮ ਤੇ ਜਾਣ ਤੋਂ ਪਹਿਲਾਂ ਬੇ-ਸਬਰੀ ਨਾਲ ਡਾਕ ਉਡੀਕਦਾ। ਇੰਡੀਆ ਤੋਂ ਆਈਆਂ ਚਿੱਠੀਆਂ ਨੂੰ ਹਾਬੜਿਆਂ ਵਾਂਗੂੰ ਪੈਂਦਾ। ਕਾਰੋਬਾਰੀ ਚਿੱਠੀਆਂ ਜਾਂ ਦੋਸਤਾਂ ਦੀਆਂ ਚਿੱਠੀਆਂ ਤੋਂ ਪਹਿਲਾਂ ਪਿੰਡੋਂ ਆਈ ਚਿੱਠੀ ਮੇਰੇ ਅੰਦਰ ਕਾਂਬਾ ਛੇੜਦੀ। ਸੁੱਖ ਸਾਂਦ ਦੀ ਚਿੱਠੀ ਤਾਂ ਉਹਨਾਂ ਕਦੇ ਪਾਈ ਨਹੀਂ। ਪਿੰਡੋਂ ਚਿੱਠੀ ਲੋੜਾਂ ਦੀ ਸੂਚੀ ਪੱਤਰ ਜਾਂ ਸਮੱਸਿਆਵਾਂ ਦੀ ਉਲਝਣ ਲੈ ਕੇ ਉੱਡਦੀ। ਅਜ ਦੀ ਡਾਕ ਵਿਚ ਦੋ ਚਿੱਠੀਆਂ ਵੇਖਕੇ ਸੋਚ ਸੁੰਨ ਹੋ ਗਈ। ਦੋਹਾਂ ਚਿੱਠੀਆਂ ਦਾ ਲਿਖ ਤੁਮ ਵੇਖਿਆ। ਬਲਵੰਤ ਵਾਲੀ ਚਿੱਠੀ ਮੇਜ਼ 'ਤੇ ਰੱਖਕੇ, ਮੈਂ ਮਾਂ ਵਲੋਂ ਆਈ ਚਿੱਠੀ ਖੋਹਲ ਲਈ। "ਵੇ ਪੁੱਤ ਅਮਰ, ਤੂੰ ਮੇਰੇ ਦੁੱਧ ਨੂੰ ਕਿਉਂ ਲਾਜ ਲਾਈ

ਜਾਨਾਂ, ਸਾਡਾ ਉੱਤਾ ਈ ਨੀਂ ਵਾਰਦਾ। ਵੇ ਤੇਰੀ ਵਲੈਤ ਦੀ ਅਮੀਰੀ ਨੂੰ ਮੈਂ ਕੀ ਚੱਟਣਾ। ਸਾਡਾ ਤਾਂ ਘਰ ਪਟਿਆ ਗਿਆ। ਗੁਰਨਾਮ ਨੂੰ ਵੀ ਚੰਡੀਗੜ੍ਹ ਗਏ ਨੂੰ ਪੁਲਸ ਨੇ ਫੜਕੇ ਅੰਦਰ ਦੇ ਦਿੱਤਾ। ਪਤਾ ਨਹੀਂ ਕਹਿੰਦੇ, ਖਨੀ ਅੰਬਰਸਰ ਜਿਹਲ 'ਚ ਘੱਲ ਦਿਤਾ ਖਨੀ ਪਟਿਆਲੇ ਜਿਹਲ 'ਚ ਆ। ਮਾਲ-ਡੰਗਰ ਅੱਡ ਕਿੱਲਿਆਂ ਤੇ ਖੜਾ ਰੰਭਦਾ, ਬਾਹਰ ਫਸਲ ਉਜੜਦੀ ਆ। ਅੱਜ ਦੀ ਘੜੀ ਭਾਈ ਸਾਡਾ ਕੋਈ ਓੜ੍ਹ ਨਾ ਬਹੋੜ੍ਹ ਨਾ। ਜੇ ਤੇਰੇ ਮਨ ਮਿਹਰ ਪੈਂਦੀ ਆ, ਅਖੀਰ ਤੇਰੇ ਭਰਾ ਨੇ, ਛੇਤੀ ਤੋਂ ਛੇਤੀ ਆਕੇ ਇਹਨਾਂ ਦੀ ਪੈਰਵੀ ਕਰ। ਨਹੀਂ ਤਾਂ ਮੈਂ ਹੰਦੇਸੇ 'ਚ ਮਰ ਜੂੰ। ਮੇਰਾ ਪੁੱਤ ਮੁੜਦੀ ਡਾਕ ਖਬਰ ਦੇਹ ਕਦੋਂ ਔਨੈ।"

ਮਾਂ ਦੀ ਚਿੱਠੀ ਪੜ੍ਹਕੇ ਮੇਰੇ ਹੱਥ ਦੇ ਤੋਤੇ ਉਡ ਗਏ। ਬਲਵੰਤ ਦੀ ਤਾਂ ਖੈਰ ਆ, ਉਹਦੇ ਕੋਲ ਚਾਰ ਪੈਸੇ ਹਨ, ਨਾਲੇ ਉਹਨੂੰ ਤਾਂ ਲੀਡਰੀ ਦਾ ਨਸ਼ਾ। ਗੁਰਨਾਮ ਨੇ ਕੀ ਕ੍ਰਮਲ ਕੀਤਾ। ਸਾਰੀ ਪੈਲੀ ਤਬਾਹ ਹੋ ਜੂ ਓਧਰ ਸੰਭਾਲ ਬਿਨਾਂ ਢਾਂਡੇ ਕੌਡੀਓਂ ਖੋਟੇ ਹੋ ਜਾਣਗੇ। ਬੇਬੇ ਦਾ ਸੰਸਾ ਸੁਭਾਵਿਕ ਤੇ ਜਾਇਜ਼ ਸੀ। ਗੁਰਨਾਮ ਸਾਧਾਰਨ ਕਬੀਲਦਾਰ ਬੰਦਾ, ਉਹਨੂੰ ਤਾਂ ਸਿਆਸਤ ਦਾ ਪਾਹ ਨਹੀਂ ਸੀ ਲਗਿਆ। ਏਸ ਚਿਠੀ ਨੇ ਮੈਨੂੰ ਸੋਚੀਂ ਪਾ ਦਿਤਾ। ਕੰਬਦੇ ਹੱਥਾਂ ਨਾਲ ਬਲਵੰਤ ਦੀ ਚਿਠੀ ਖੋਹਲੀ।

ੴ ਅਕਾਲ ਸਹਾਇ ॥

ਪਟਿਆਲਾ
5, 11, 76

ਪਰਮ ਪਿਆਰੇ ਭਰਾਤਾ ਜੀਓ,

ਵਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ। ਸਚੇ ਪਾਤਸ਼ਾਹ ਦੀ ਆਪਣੇ ਤੇ ਪ੍ਰਵਾਰ ਉਪਰ ਅਪਾਰ ਕ੍ਰਿਪਾ ਹੈ। ਉਹਨਾਂ ਆਪਣੀ ਕ੍ਰਿਪਾ ਦੁਆਰਾ ਗੁਰਨਾਮ ਸਿੰਘ ਨੂੰ ਵੀ ਖਾਲਸਾ ਪੰਥ ਦੀ ਸੇਵਾ ਕਰਨ ਦਾ ਬੱਲ ਬਖ਼ਸ਼ਿਆ ਹੈ। ਸਿੱਖ ਦਾ ਧਰਮ ਹੈ ਜ਼ੁਲਮ ਨਾਲ ਟੱਕਰ ਲੈਣੀ, ਬੇ-ਇਨਸਾਫੀ ਦੇ ਖਿਲਾਫ ਡੱਟਕੇ ਖੜੇ ਹੋਣਾ। ਦੂਜਿਆਂ ਦੇ ਕਸ਼ਟ ਨੂੰ ਆਪਣਾ ਕਸ਼ਟ ਸਮਝਕੇ ਨਿਵਾਰਨਾ।

"ਸੂਰਾ ਸੋ ਜੋ ਲਰੇ ਦੀਨ ਕੇ ਹੇਤ,
ਪੁਰਜ਼ਾ ਪੁਰਜ਼ਾ ਕੱਟ ਮਰੇ ਕਬਹੂੰ ਨਾ ਛਾਡੇ ਖੇਤ।"

ਸਰਕਾਰ ਨੂੰ ਸਿੱਖ ਕਮ ਦੇ ਤੱਤ ਅਤੇ ਇਤਿਹ ਦਾ ਪਤਾ ਨਹੀਂ। ਸਿੱਖ ਕੌਮ ਨੂੰ ਕੋਈ ਰੋਹਬ ਜਾਂ ਤਾਕ ਨਾਲ ਨਹੀਂ ਦਬਾ ਸਕਦਾ। ਅਸੀਂ ਮੁਗਲ ਸਾਮਰਾ ਦੀ ਨੀਂਦ ਹਰਾਮ ਕਰ ਰੱਖੀ। ਅਖੀਰ ਉਹਦੀਆਂ ਜੜ੍ਹ ਪੁਟਕੇ ਸੂਰਜ ਵਲ ਕਰ ਦਿੱਤੀਆਂ। ਅਸੀਂ ਕਾਬ ਕੰਧਾਰ ਤੇ ਗਜਨੀ ਤੋਂ ਆਉਂਦੇ ਜਰਵਾਨਿਆਂ ਦਾ ਮੂੰ ਭੰਨਿਆ। ਅਬਦਾਲੀ, ਦੁਰਾਨੀ ਤੋਬਾ ਕਰ ਉਠੇ ਖਾਲਸੇ ਦਾ ਜਨਮ ਖੰਡੇ ਦੀ ਧਾਰ 'ਚੋਂ ਹੋਇਆ ਹੈ ਅਸੀਂ ਦੇਗਾਂ ਵਿਚ ਉਬਲ ਸਕਦੇ ਹਾਂ, ਚਰਖੜੀਆਂ ਚੜ੍ਹ ਸਕਦੇ ਹਾਂ, ਰੰਬੀਆਂ ਨਾਲ ਖੋਪਰੀਆਂ ਲੁਹਾ ਸਕ ਹਾਂ। ਅਸੀਂ ਜ਼ੁਲਮ ਅਗੇ ਝੁਕ ਨਹੀਂ ਸਕਦੇ।

"ਭੈ ਕਾਹੂ ਕਉ ਦੇਤ ਨਾਹਿ,
ਨਾਹਿ ਭੈ ਮਾਨਤ ਆਨ।"

ਸਾਡਾ ਨਿਸ਼ਾਨਾ ਸਰਬੱਤ ਦੇ ਭਲੇ ਦਾ ਹੈ, ਸਰਬੱ ਦੀ ਆਜ਼ਾਦੀ ਦਾ ਹੈ। ਅਸੀਂ ਭਾਰਤ ਮਾਤਾ ਆਜ਼ ਕਰਵਾਕੇ ਦਮ ਲਵਾਂਗੇ। ਸਿੱਖ ਧਰਮ ਮਨੁੱਖੀ ਬੋ ਬੋਲਦਾ ਹੈ। ਇਹਦਾ ਪੈਂਤੜਾ ਲੋਕ-ਹਿੱਤੂ ਹੈ। ਆਪ ਹਿੱਤਾਂ ਲਈ ਲੋਕ ਜਿਹਲ ਤਾਂ ਇਕ ਪਾਸੇ ਚਰਖੜੀ ਤੇ ਚੜ੍ਹਨਗੇ। ਸਿਖ ਸਿਧਾਂਤ ਤੇ ਮਨੁੱਖ ਮਾਤਰ ਜਿਊਣ ਲਈ ਮਰਨਾ ਵੀ ਦੱਸਿਆ ਹੈ। ਹਰ ਵਿਚਾਰ ਧਾਰਾ ਜਾਂ ਸਿਧਾਂਤ ਦੀ ਅੰਤਲੀ ਪ੍ਰੀਖਿਆ ਉਸਦੀ ਕਰ ਹੁੰਦੀ ਹੈ। ਅਮਲ ਦੀ ਪ੍ਰੀਖਿਆ ਤੋਂ ਕੋਈ ਆਪ ਆਪ ਲੁਕਾ ਨਹੀਂ ਸਕਦਾ। ਗੁਰੂ ਨਾਨਕ ਪਾਤਸ਼ਾਹ ਪੰਜਵੇਂ ਜਾਮੇ ਵਿਚ, ਨੌਵੇਂ ਜਾਮੇ ਵਿਚ, ਦਸਵੇਂ ਜਾ ਵਿਚ ਸਾਬਤ ਕਰਕੇ ਦੱਸਿਆ। ਜੇ ਖਾਲਸਾ ਪੰ ਗੁਰੂ ਗੋਬਿੰਦ ਸਿੰਘ ਜੀ ਦੀ ਆਪਣੇ ਪ੍ਰਵਾਰ ਆਪਣੇ ਸਾਥੀਆਂ ਦੇ ਖੂਨ ਨਾਲ ਪਾਈਆਂ ਲੀਹਾਂ ਉ ਚਲ ਸਕੇ ਤਾਂ ਅਜ ਉਹ ਸਾਰੇ ਭਾਰਤ ਦਾ ਪੱਥ-ਪ੍ਰਦਰਸ਼ ਹੋ ਨਿਬੜੇਗਾ। ਨਾਲੇ ਸੋਚਣ ਵਾਲੀ ਗਲ ਹੈ, ਜਿ ਸਤਿਗੁਰੂ ਨੇ ਗਰੀਬ, ਹਕੀਰ, ਕ੍ਰਿਤੀ, ਕਾਮੇ ਕਿਸਾ ਮਜ਼ਦੂਰ ਨੂੰ ਸਰਦਾਰੀ ਬਖ਼ਸ਼ੀ; ਅੱਜ ਓਸ ਸਤਿਗੁਰੂ ਖਾਲਸੇ ਪੰਥ ਲਈ ਜੇ ਆਪਣਾ ਆਪ ਉਹਦੀ ਭੇਟ ਕ ਸਕੀਏ, ਏਦੂੰ ਵੱਡਾ ਹੋਰ ਸੁਭਾਗ ਕੀ ਹੋਵੇਗਾ।

"ਮੇਰਾ ਮੁਝ ਮਹਿ ਕਿਛੁ ਨਾਹਿ,
ਜੋ ਕਿਛੁ ਹੈ ਸੋ ਤੇਰਾ ॥
ਤੇਰਾ ਤੁਝ ਕੋ ਸੌਂਪਤੇ,
ਕਿਆ ਲਾਗੈ ਮੇਰਾ ॥"

ਭਰਾਤਾ ਜੀ, ਪ੍ਰਦੇਸਾਂ 'ਚ ਬੈਠੇ ਜੇਕਰ ਤੁਸਾਂ

ਖਾਲਸਾ ਫੌਜ ਦੇ ਪਹਿਲੀ ਸੱਫ ਦੇ ਸਿਪਾਹੀ ਨਹੀਂ ਬਣ ਸਕਦੇ, ਪਰ ਮਾਇਆ ਦੇ ਅਰਦਾਸਿਆਂ ਨਾਲ ਤਾਂ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ। ਦਸ਼ਮੇਸ਼ ਪਿਤਾ ਦੇ ਮਹਾਂ ਵਾਕ ਅਨੁਸਾਰ।

"ਦੇਹ ਸਿਵਾ ! ਵਰ ਮੋਹਿ ਇਹੈ,
ਸ਼ੁਭ ਕਰਮਨ ਤੇ ਕਬਹੂੰ ਨਾ ਟਰੋਂ।"

ਅਖੀਰ ਵਿਚ ਸਾਹਿਬ ਸਾਚੇ ਪਾਤਸ਼ਾਹ ਅਗੇ ਅਰਦਾਸ ਕਰਦਾ ਹਾਂ ਕਿ ਤੁਹਾਨੂੰ ਵੀ ਉਹ ਸੁਮੱਤ ਬਖਸ਼ਣ ਤਾਂ ਜੋ ਗੁਰੂ ਘਰ ਨਾਲ ਆਪ ਜੀ ਬਿਰਤੀਆਂ ਜੋੜ ਸਕੋ।

ਸਦਾ ਚੜ੍ਹਦੀ ਕਲਾ 'ਚ ਰਹਿਣ ਵਾਲਾ,
ਗੁਰੂ ਪੰਥ ਦਾ ਦਾਸ
ਬਲਵੰਤ ਸਿੰਘ 'ਸੋਮਲ'

ਬਲਵੰਤ ਦੀ ਚਿੱਠੀ ਪੜ੍ਹਕੇ ਮੈਨੂੰ ਝਟ ਸਮਝ ਆ ਗਈ। ਗੁਰਨਾਮ ਇਹੋ ਜਿਹੀਆਂ ਚਿਠੀਆਂ ਦਾ ਪੱਟਿਆ ਕੌਮ ਦੇ ਕਲਿਆਣ ਲਈ ਨਹੀਂ, ਸਗੋਂ ਬਲਵੰਤ ਦੇ ਕਲਿਆਣ ਲਈ ਜ਼ਿਹਲ ਤੁਰ ਪਿਆ ਸੀ। ਸਾਰਾ ਦਿਨ ਮੈਂ ਮਸ਼ੀਨਾਂ ਦੇ ਖੱੜਕੇ ਵਿਚ ਆਪਣੇ ਮਨ ਦਾ ਖੱੜਕਾ ਸੁਣਦਾ ਰਿਹਾ। ਸ਼ਾਮ ਨੂੰ ਘਰ ਆਕੇ ਮੈਂ ਸ੍ਰੀ ਮਤੀ ਨੂੰ ਦੋਵੇਂ ਖੱਤ ਪੜ੍ਹਕੇ ਸੁਣਾਏ। ਮੈਂ ਗੁਰਨਾਮ ਦਾ ਪੱਖ ਪੂਰਦਿਆਂ ਉਹਨੂੰ ਸਮਝਾਉਣ ਦਾ ਯਤਨ ਕੀਤਾ। "ਵੇਖੋ ਜੀ ਆਪਾਂ ਭਾਮੇਂ ਕਮਲੂ ਕਹੀਏ,ਗੁਰਨਾਮ ਨੇ ਭਰਾ ਦੀ ਪਿਠ ਪੂਰੀ ਆ ਨਾਲ ਜਥਾ ਲੈ ਕੇ ਜ਼ਿਹਲ ਹੋਇਆ। ਆਪਣਾ ਵੀ ਹੁਣ ਫਰਜ਼ ਬਣਦਾ, ਉਹਦੇ ਘਰ ਬਾਰ ਦੀ ਬੱਚਿਆਂ ਦੀ ਦੇਖ ਭਾਲ ਕਰੀਏ। ਏਥੇ ਪੰਜ ਹਜ਼ਾਰ ਮੀਲ ਦੀ ਦੂਰੀ ਤੇ ਬੈਠਾ ਜੇ ਕੁਝ ਹੋਰ ਨੀਂ ਸੁਆਰ ਸਕਦੇ, ਘਰ ਦੇ ਖਰਚ ਜੋਗੇ ਪੈਸੇ ਤਾਂ ਭੇਜ ਸਕਦੇ ਹਾਂ। ਪੈਂਦੀ ਸੱਟੇ ਸ੍ਰੀ ਮਤੀ ਨੇ ਉਤਰ ਦਿਤਾ, "ਮੈਂ ਸੋਨੂੰ ਕਦੋਂ ਰੋਕਦੀ ਆਂ, ਆਹ ਜਿਹੜੇ ਦਸ ਦਸ ਗਲਾਸ ਬੀਅਰ ਦੇ ਰੋਜ਼ ਡੱਫਦੇ ਓ,ਇਹ ਨਾ ਭੁੱਲਸੋ ਸਾਲ ਛਿਮਾਹੀ। ਬੀਤ (ਵੀਕ) ਦੇ ਇਹ ਦਸ ਪੰਦਰਾਂ ਪੌਂਡ ਬਚਾਓ ਤੇ ਭੇਜੀ ਚਲੋ ਉਹਨਾਂ ਨੂੰ। ਏਨਾ ਈ ਸੋਚ ਲਓ, ਉਹ ਜਿਹਲ ਦੀਆਂ ਸੁਕੀਆਂ ਰੋਟੀਆਂ ਖਾਂਦੇ ਨੇ, ਸੋਡੀ ਬੀਅਰ ਬਿਨਾਂ ਜਾਨ ਤਾਂ ਨੀਂ ਨਿਕਲਦੀ।" ਸ੍ਰੀ ਮਤੀ ਦੇ ਜੁਆਬ ਨੇ ਮੈਨੂੰ ਨਿਰੁੱਤਰ ਕਰ ਦਿੱਤਾ। ਅਸਲ ਵਿਚ ਉਹ ਇਕ ਤੀਰ ਨਾਲ ਦੋ ਨਿਸਾਂਨੇ ਫੁੰਡਣਾ ਚਾਹੁੰਦੀ ਸੀ। ਪਿੰਡੋਂ ਵੀ ਸੱਚੀ ਰਹੇ, ਨਾਲੇ ਘਰ ਦੀ ਕਿੱਟੀ ਵਿਚੋਂ ਕੋਈ ਪੈਨੀ ਨਾ ਹਿਲੇ।

ਮੇਰੀ ਸਲਾਹ ਪਿੰਡ ਨੂੰ ਤੁਰ ਜਾਣਦੀ ਸੀ। ਜਦੋਂ ਦਾ ਇੰਗਲੈਂਡ ਆਇਆ ਪਿੰਡ ਦਾ ਮੂੰਹ ਸੁਪਨਿਆਂ ਵਿਚ ਹੀ ਵੇਖਿਆ। ਹੁਣ ਜਦ ਦੋਵੇਂ ਭਰਾ ਜਿਹਲ ਵਿਚ ਹਨ ਮਾਂ ਦਾ ਮਨ ਨਿਤ ਦਿਹਾੜੀ ਕਲਪਦਾ ਹੈ ਤਾ ਮੇਰਾ ਜਾਣਾ ਜ਼ਰੂਰੀ ਬਣਦਾ ਸੀ। ਪਰ ਮਜਬੂਰੀਆਂ ਨੇ ਚਾਰੋਂ ਪਾਸੀਂ ਘੇਰਾ ਪਾਇਆ ਹੈ। ਛੋਟੇ ਮੁੰਡੇ ਦੇ ਓ ਲੈੱਵਲ ਦੇ ਇਮਤਿਹਾਨ ਹਨ। ਕਾਰ ਦੇ ਐਕਸੀਡੈਂਟ ਦਾ ਮੁਕੱਦਮਾ ਅਜੇ ਵਿਚੇ ਲੰਮਕਦਾ ਹੈ। ਸੋ ਅਜੇ ਕੁਝ ਸਮਾਂ ਘਰੋਂ ਨਿਕਲਣਾ ਵੀ ਔਖਾ ਦਿਸਦਾ ਸੀ। ਮਾਂ ਨੂੰ ਦਿਲਾਸੇ ਦੀਆਂ ਚਿੱਠੀਆਂ ਲਿਖਦਾ ਰਿਹਾ। ਘਰੋਂ ਪਰਵਾਹਰਾ ਹੋਕੇ ਮੈਂ ਲੋੜ ਅਨੁਸਾਰ ਪੈਸੇ ਵੀ ਭੇਜਦਾ ਰਿਹਾ। ਇਸ ਤਰ੍ਹਾਂ ਝੰਜਟ ਅਤੇ ਜਕੋ ਤੱਕੀ ਵਿਚ ਪੰਜ ਛੇ ਮਹੀਨੇ ਨਿਕਲ ਗਏ। ਫਿਰ ਇਕ ਦਿਨ ਪਿੰਡੋਂ ਕੇਵਲ ਦੋ ਅੱਖਰੀ ਚਿੱਠੀ ਆਈ। "ਬੇਬੇ ਜੀ ਨਹੈਤ ਬਿਮਾਰ ਹਨ। ਮੰਜੇ 'ਚ ਪਏ ਸਨ, ਚਿੱਠੀ ਦੇਖਦੇ ਸਾਰ ਆ ਜਾਓ।" ਚਿੱਠੀ ਛੋਟੀ ਭਰਜਾਈ ਵਲੋਂ ਸੀ।

ਇਸ ਚਿੱਠੀ ਪਿਛੋਂ ਮੈਨੂੰ ਸ੍ਰੀ ਮਤੀ ਦੀ ਸਲਾਹ ਲੈਣ ਦੀ ਲੋੜ ਨਹੀਂ ਸੀ ਮਹਿਸੂਸ ਹੋਈ। ਛੇਤੀ ਤੋਂ ਛੇਤੀ ਪਰ ਸਸਤੀ ਕੰਪਨੀ ਦੀ ਟਿਕਟ ਖਰੀਦ ਕੇ ਮੈਂ ਜਾਣ ਦੀ ਤਿਆਰੀ ਕਰ ਲਈ।

ਸ਼ਾਮ ਨੂੰ ਟੈਲੀਵੀਜ਼ਨ ਦੀਆਂ ਪਰਸਾਰਤ ਖ਼ਬਰਾਂ ਵਿਚ,ਮੋਟੀ ਖ਼ਬਰ ਸੀ ਕਿ ਭਾਰਤ ਸਰਕਾਰ ਨੇ ਐਮਰਜੈਂਸੀ ਮਨਸੂਖ ਕਰਕੇ, ਅਗਲੇ ਮਹੀਨੇ ਆਮ ਚੋਣਾ ਦਾ ਐਲਾਣ ਕਰ ਦਿੱਤਾ। ਬੰਦੀਖ਼ਾਨਿਆ ਵਿਚ, ਡੱਕੇ ਸਿਆਸੀ ਨੇਤਾ ਚੋਣਾਂ ਤੋਂ ਪਹਿਲਾਂ ਪਹਿਲਾਂ ਛੱਡ ਦਿੱਤੇ ਜਾਣਗੇ। ਮਨ ਦੂਹਰੀ ਖੁਸ਼ੀ ਨਾਲ ਨੱਚ ਉਠਿਆ। ਰਾਮ ਵਾਂਗ ਚੌਦ੍ਹਾਂ ਵਰ੍ਹਿਆ ਦੇ ਬਣਵਾਸ ਪਿਛੋਂ ਜੰਮਣ ਭੋਂ ਨੂੰ ਪਰਸਣ ਦਾ ਚਾਅ, ਭਰਾਵਾਂ ਦੇ ਜਿਹਲ 'ਚੋਂ ਰਿਹਾ ਹੋ ਕੇ ਆਉਣ ਦੀ ਆਸ।

ਮੇਰੇ ਪਿੰਡ ਪਹੁੰਚਦੇ ਨੂੰ ਬਲਵੰਤ ਤੇ ਗੁਰਨਾਮ ਸਵੇਰ ਦੀ ਗੱਡੀ ਘਰ ਪਹੁੰਚ ਗਏ ਸੀ। ਮੈਂ ਦਿਲੀਓਂ ਟੈਕਸੀ ਲੈ ਕੇ ਸ਼ਾਮ ਨੂੰ ਘਰ ਪਹੁੰਚ ਗਿਆ। ਸਾਰਾ ਪ੍ਰਵਾਰ ਖੁਸ਼ੀਆਂ 'ਚ ਚਾਅਮਲਿਆ ਫਿਰਦਾ ਸੀ। ਮਾਂ ਮੰਜੇ ਚੋਂ ਉੱਠ ਉੱਠ ਤੁਰਦੀ ਜਿਵੇਂ ਉਹ ਕਦੇ ਬੀਮਾਰ ਹੋਈ ਹੀ ਨ ਹੋਵੇ। ਘਰ ਦਾ ਵਿਹੜਾ ਮਿੱਤਰ ਪਿਆਰਿਆਂ, ਆਂਢ

(ਦੇਖੋ ਬਾਕੀ ਸਫਾ 10)

ਹਿੰਦੀ ਕਵਿਤਾ

# *ਖਿੜਕੀ*

ਮੰਗਲੇਸ਼ ਡਬਰਾਲ

---

ਇਸ ਖਿੜਕੀ ਦੇ ਬਾਹਰ
ਮੇਰੀ ਉਡੀਕ ਹੋ ਰਹੀ ਹੈ
ਤੇ ਮੁੱਠੀਆਂ ਤਾਣੀਂ ਸ਼ਬਦਾਂ ਵਾਂਗ
ਹਰੇ ਪੱਤਿਆਂ ਨਾਲ ਭਰੀ ਸਵੇਰ ਨਜ਼ਰ ਆਏਗੀ।
ਵੱਡੀ ਭੂਰੀ ਚਿੜੀ ਵਾਂਙ
ਧੁੰਦ ਟਾਹਣੀਆਂ 'ਤੇ ਟਿਕੀ ਹੋਏਗੀ।
ਕਿਸੇ ਛੱਤ ਵਿਚੋਂ ਧੂੰਆਂ ਉਠ ਰਿਹਾ ਹੋਏਗਾ।
ਬੱਚਾ ਸੜਕ 'ਤੇ ਪਿਆ
ਪਤੰਗ ਲੈ ਜਾ ਰਿਹਾ ਹੋਏਗਾ ਆਪਣੇ ਘਰ
ਉਰਦੀ ਤ੍ਰੇਲ ਪੂੰਝਦਾ ਹੋਇਆ

ਇਸ ਖਿੜਕੀ ਦੇ ਬਾਹਰ
ਮੇਰੀ ਉਡੀਕ ਹੋ ਰਹੀ ਹੈ
ਉਥੇ ਮੇਰੇ ਬਚਪਨ ਦੇ ਸਾਰੇ ਕਪੜੇ
ਸੁੱਕ ਰਹੇ ਨੇ
ਨਵੇਂ ਪੱਤਿਆਂ ਦੇ ਫੁੱਟਣ ਦੀ ਖ਼ਬਰ
ਪਿਤਾ ਦੀ ਚਿੱਠੀ
ਤੇ ਮਾਂ ਦੀ ਹਾਸੀ ਫੈਲੀ ਹੋਏਗੀ ਧੁੱਪ ਵਿਚ
ਓਥੇ ਮੇਰੇ ਦੋਸਤ ਹੋਣਗੇ ਬੈਠੇ ਹੋਏ
ਜ਼ਿੰਦਗੀ ਨੂੰ ਜਾਣ ਲਈ ਤਿਆਰ
ਕਪੜੇ ਪਹਿਨਦਿਆਂ
ਸੂਰਜ ਹੋਏਗਾ ਇਕ-ਇਕ ਦ੍ਰਿਸ਼ ਨਾਲ ਟਕਰਾਉਂਦਾ ਹੋਇਆ

ਇਸ ਖਿੜਕੀ ਦੇ ਬਾਹਰ
ਮੇਰੀ ਉਡੀਕ ਹੋ ਰਹੀ ਹੈ
ਮੁੱਠੀਆਂ ਤਾਣੀਂ ਸ਼ਬਦ ਪੱਤੇ ਆਵਾਜ਼ਾਂ ਸੂਰਜ
ਅਲੱਗ-ਅਲੱਗ ਦਸਤਕ ਦੇ ਰਹੇ ਹਨ
ਰਾਤ ਦੇ ਸਿਆਹ ਪਾਣੀ ਵਿਚੋਂ ਉਭਰਦੇ।
ਘਰਾਂ ਦੀਆਂ ਖਿੜਕੀਆਂ ਖੁਲ੍ਹ ਰਹੀਆਂ ਹਨ
ਅੱਖਾਂ ਦੀ ਤਰ੍ਹਾਂ

ਮੈਨੂੰ ਇਹ ਖਿੜਕੀ ਖੋਲ੍ਹ ਦੇਣੀ ਚਾਹੀਦੀ ਹੈ
ਜੋ ਤਮਾਮ ਖਿੜਕੀਆਂ ਦੇ
ਖੁਲ੍ਹਣ ਦੀ ਸ਼ੁਰੂਆਤ ਹੈ।

[ਅਨੁ: ਅ. ਚੰ.]

ਕਵਿਤਾ

# ਕੁੱਪ

ਲਾਲ ਸਿੰਘ ਦਿਲ

---

ਦੇਖਣ ਨੂੰ ਦੂਰੋਂ ਚਮਕਦੇ ਆਸਾਂ ਤਰ੍ਹਾਂ ਦੇ ਕੁੱਪ ਖੜ੍ਹੇ।
ਅੱਧੀ ਕੁ ਰਾਤੀ ਸਹਿਮਦੇ ਅੱਧੇ ਕੁ ਹੋ ਕੇ ਘਰ ਵੜੇ।
ਜਿਣਸ ਰੁਲਦੀ ਮੰਡੀਆਂ ਉਹ ਅੰਗ ਟੋਂਹਦੇ ਦਿਨ ਖੜ੍ਹੇ।
ਦੋ ਜੱਟ ਬੈਬੇ ਝੂਰਦੇ ਹੁੰਦੇ ਨੇ ਜੀਵਣ ਹੱਥ ਝੜੇ।

ਖੇਤ ਅੱਧਾ ਢਹਿ ਗਿਆ ਕੋਈ ਖੇਤ ਅੱਧਾ ਚਰ ਗਿਆ।
ਨੁੱਕਰ ਤੋਂ ਕੰਧੜੀ ਫਿਰ ਢਹੀ ਅੱਜ ਫੇਰ ਟ੍ਰੈਕਟਰ ਮਰ ਗਿਆ।
ਅੱਜ ਫੇਰ ਤੱਤੇ ਓਪਰੇ ਸਿੱਕੇ ਭਿਖਾਰੀ ਨੂੰ ਮਿਲੇ।
ਜੱਟ ਮੰਡੀਆਂ ਚੋਂ ਤੇੜ ਦਾ ਪਰਨਾ ਬਚਾਉਂਦਾ ਘਰ ਗਿਆ।

ਮੰਡੀ ਨੂੰ ਗੋਭੀ ਜਾ ਰਹੀ ਜਾਂਦੀ ਏ ਜੀਵਣ ਬਾਲੜੀ।
ਟਾਂਗੇ 'ਚ ਸਿਸਕੇ ਗੰਢੜੀ ਚਿੱਕੜ ਕਿਨਾਰੇ ਆ ਖੜ੍ਹੀ।
ਕੁੱਤੇ ਦੇ ਗਲ ਵਿਚ ਟੋਕਰੀ ਤੇ ਟੋਕਰੀ ਅੰਦਰ ਹੁਕਮ।
ਧੱਕਾ ਅਚਾਨਕ ਵੱਜਿਆ ਤਾਂ ਘੋੜੇ ਨੇ ਕੀਤੀ ਅੜੀ।

ਧੀਏ ਨੀ ਚਿੱਟਕਪੜੀਏ ਉਹ ਦਰ 'ਤੇ ਆਉਂਦੇ ਨੇ ਜਦੋਂ।
ਤੇਰਾ ਅੰਗੂਠਾ ਜਾਂ ਮੇਰਾ ਦੋ ਵਾਰ ਲਾਉਂਦੇ ਨੇ ਜਦੋਂ।
ਜਿੰਦ-ਜਾਨ ਬਾਕੀ ਨਾ ਰਹੇ ਮੰਜੇ 'ਤੇ ਅਫ਼ਸਰ ਬੈਠ ਕੇ।
ਤੈਨੂੰ ਨਚਾਉਂਦੇ ਨੇ ਜਦੋਂ ਮੈਨੂੰ ਨਚਾਉਂਦੇ ਨੇ ਜਦੋਂ।

ਬੈਲਾਂ ਦੀ ਰੇੜ੍ਹੀ ਵੇਚ ਕੇ ਬੈਲ ਵੇਚਣ ਜਾ ਰਿਹਾ।
ਫੇਰ ਵੀ ਜ਼ਿੰਦਾ ਦਿਲੀ ਬੱਚੇ ਸਕੂਲੇ ਪਾ ਰਿਹਾ।
ਮੁੰਡਾ ਸਕੂਲੋਂ ਦੌੜਿਆ ਸ਼ੀਸ਼ੇ ਨੂੰ ਵੱਟਾ ਮਾਰ ਕੇ।
ਹੱਥਾਂ ਦਾ ਕਾਰੀ ਫੇਰ ਵੀ ਹੱਥਾਂ ਦੀ ਰੇੜ੍ਹੀ ਵਾਰ ਰਿਹਾ।

ਇਹ ਰਾਤ ਦੇ ਰਾਹੀ ਨਹੀਂ ਇਹ ਜੋ ਕੁੱਪ ਖੜ੍ਹੇ।
ਸ਼ੱਕ ਹੈ ਦੋ ਆਦਮੀ ਇਨ੍ਹਾਂ ਦੇ ਅੰਦਰ ਆ ਵੜੇ।
ਰੱਸੇ ਤੁੜਾਏ ਜਾ ਰਹੇ ਤੂੜੀ ਖਿੰਡਾਈ ਜਾ ਰਹੀ।
ਕੁੱਪਾਂ ਦੁਆਲੇ ਪੁਲਸੀਏ ਏਧਰ ਤੇ ਓਧਰ ਆ ਚੜ੍ਹੇ।

o

ਬੱਚਿਆਂ ਲਈ ਨਾਟਕ

# ਤਮਾਸ਼ਾ

ਰਮੇਸ਼ ਉਪਾਧਿਆਏ

(ਇਕ ਬੱਚਾ ਬਾਂਦਰ ਬਣਦਾ ਹੈ। ਉਹਦਾ ਨਾਂ ਰਾਜਾ ਹੈ। ਇਕ ਬੱਚੀ ਬਾਂਦਰੀ ਬਣਦੀ ਹੈ। ਉਹਦਾ ਨਾਂ ਰਾਣੀ ਹੈ ਇਕ ਬੱਚਾ ਬਾਂਦਰ ਨਚਾਉਣ ਵਾਲਾ ਮਦਾਰੀ ਬਣਦਾ ਹੈ। ਕਈ ਬੱਚੇ ਤਮਾਸ਼ਾ ਦੇਖਣ ਵਾਲੇ ਬਣਦੇ ਹਨ। ਨਾਟਕ ਸ਼ੁਰੂ ਹੁੰਦਾ ਹੈ। ਮਦਾਰੀ ਮੋਢੇ 'ਤੇ ਝੋਲਾ ਲਟਕਾਈ ਇਕ ਹੱਥ ਵਿਚ ਰਾਜਾ ਤੇ ਰਾਣੀ ਦੇ ਗਲਾਂ ਵਿਚ ਬੰਨ੍ਹੀਆਂ ਰੱਸੀਆਂ ਫੜੀ ਤੇ ਦੂਜੇ ਹੱਥ ਨਾਲ ਡੁਗਡੁਗੀ ਵਜਾਉਂਦਾ ਆਉਂਦਾ ਹੈ। ਉਹਦੇ ਪਿੱਛੇ-ਪਿੱਛੇ ਰਾਜਾ ਤੇ ਰਾਣੀ ਨੱਚਦੇ-ਟੱਪਦੇ ਆਉਂਦੇ ਹਨ। ਮਦਾਰੀ ਵਿਚਕਾਰ ਖੜ੍ਹਾ ਹੋ ਕੇ ਡੁਗਡੁਗੀ ਵਜਾਉਂਦਾ ਹੈ। ਰਾਜਾ ਤੇ ਰਾਣੀ ਉਹਦੇ ਚਾਰੇ ਪਾਸੇ ਚੱਕਰ ਲਾਉਂਦੇ ਹਨ ਕੁਝ ਬੱਚੇ ਆ ਕੇ ਤਮਾਸ਼ਾ ਦੇਖਣ ਲਈ ਖੜ੍ਹੇ ਹੋ ਜਾਂਦੇ ਹਨ।)

ਮਦਾਰੀ : ਆ ਗਿਆ। ਆ ਗਿਆ। ਬਾਂਦਰ ਦਾ ਤਮਾਸ਼ਾ।

ਰਾਜਾ : ਨਹੀਂ, ਨਹੀਂ, ਰਾਜੇ ਦਾ ਤਮਾਸ਼ਾ।

ਰਾਣੀ : ਰਾਣੀ ਦਾ ਤਮਾਸ਼ਾ।

ਕੋਈ ਬੱਚਾ : ਓਏ, ਇਹ ਬਾਂਦਰ ਤਾਂ ਬੋਲਦੇ।

ਦੂਜਾ ਬੱਚਾ : ਬਾਂਦਰੀ ਵੀ ਬੋਲਦੀ ਐ।

ਮਦਾਰੀ : (ਗਾਉਂਦਾ ਹੈ) ਆਓ ਬੱਚਿਓ ਦੇਖੋ ਬੱਚਿਓ
ਬਾਂਦਰ ਦਾ ਇਹ ਖੇਲ ਨਿਰਾਲਾ
ਇਹ ਹੈ ਰਾਜਾ, ਇਹ ਹੈ ਰਾਣੀ
ਦੋਹਵਾਂ ਦਾ ਹੈ ਮੇਲ ਨਿਰਾਲਾ

ਰਾਜਾ ਜੰਗਲ ਦਾ ਰਾਜਾ ਹੈ
ਰਾਣੀ ਚਿੜੀਆਘਰ ਦੀ ਰਾਣੀ
ਦੋਹਵੇਂ ਇਥੇ ਚਲ ਕੇ ਆਏ
ਆਖਣ ਆਪਣੀ ਰਾਮ ਕਹਾਣੀ।

ਬਾਂਦਰ ਤੁਸੀਂ ਦੇਖੇ ਹੋਣੇ ਨੇ
ਗੂੰਗੇ, ਖੋਂ-ਖੋਂ ਕਰਨੇ ਵਾਲੇ
ਇਹ ਦੋਹਵੇਂ ਬਾਂਦਰ ਹਨ ਦੇਖੋ
ਗੱਲਾਂ ਨਾ 'ਦਿਲ ਹਰਨੇ ਵਾਲੇ

(ਮਦਾਰੀ ਰਾਜੇ ਦੇ ਗਲ ਦੀ ਰੱਸੀ ਨੂੰ ਤੁਣਕਾ ਮਾਰ ਕੇ ਉਹਨੂੰ ਕਹਿੰਦਾ ਹੈ)

ਦਾਰੀ : ਰਾਜਾ ਉਠ ਕੇ ਅੱਗੇ ਆਓ
ਹਰ ਬੱਚੇ ਨਾਲ ਹੱਥ ਮਿਲਾਓ ।

(ਰਾਜਾ ਉਠ ਕੇ ਬੱਚਿਆਂ ਨਾਲ ਹੱਥ ਮਿਲਾਉਂਦਾ ਹੈ । ਬੱਚੇ 'ਹਾਊ ਡੂ ਯੂ ਡੂ' 'ਨਮਸਤੇ ਜੀ' 'ਸਾਸ੍ਰੀਕਾਲ ਜੀ' ਆਖ-ਆਖ ਕੇ ਹੱਸਦਿਆਂ ਰਾਜੇ ਨਾਲ ਹੱਥ ਮਿਲਾਉਂਦੇ ਹਨ । ਰਾਜਾ ਉਛਲ-ਉਛਲ ਕੇ ਸਾਰੇ ਬੱਚਿਆਂ ਕੋਲ ਜਾਂਦਾ ਹੈ ਅਤੇ ਹੱਥ ਮਿਲਾਉਂਦਿਆਂ 'ਮਨਸਤੇ ਜੀ' ਆਦਿ ਕਹਿੰਦਾ ਜਾਂਦਾ ਹੈ । ਸਾਰੇ ਬੱਚਿਆਂ ਨਾਲ ਹੱਥ ਮਿਲਾਉਣ ਮਗਰੋਂ ਮਦਾਰੀ ਰਾਜੇ ਦੀ ਰੱਸੀ ਖਿੱਚ ਕੇ ਵਾਪਸ ਬੁਲਾ ਕੇ ਬੈਠਾ ਦਿੰਦਾ ਹੈ ਤੇ ਡੁਗਡੁਗੀ ਵਜਾਉਂਦਾ ਹੈ ।)

ਮਦਾਰੀ : (ਰਾਣੀ ਨੂੰ) ਰਾਣੀ ਹੁਣ ਤੂੰ ਅੱਗੇ ਆ
ਸਭ ਬੱਚਿਆਂ ਨੂੰ ਸੀਸ ਝੁਕਾ ।

(ਰਾਣੀ ਖੜ੍ਹੀ ਹੁੰਦੀ ਹੈ ਅਤੇ ਹੱਥ ਜੋੜ ਕੇ ਇੱਕੋ ਵਾਰੀ ਸਾਰੇ ਬੱਚਿਆਂ ਅੱਗੇ ਸੀਸ ਝੁਕਾ ਕੇ ਨਮਸਤੇ ਕਰ ਲੈਂਦੀ ਹੈ । ਮਦਾਰੀ ਫੇਰ ਡੁਗਡੁਗੀ ਵਜਾਉਂਦਾ ਹੈ)

ਮਦਾਰੀ : ਹਾਂ ਬਈ ਰਾਜਾ ।
ਰਾਜਾ : ਹਾਂ ਜੀ ।
ਮਦਾਰੀ : ਤਮਾਸ਼ਾ ਦਿਖਾਏਂਗਾ ?
ਰਾਜਾ : ਦਿਖਾਊਂਗਾ ।
ਮਦਾਰੀ : ਗਾਣਾ ਸੁਣਾਏਂਗਾ ? –
ਰਾਜਾ : ਸੁਣਾਊਂਗਾ ।
ਮਦਾਰੀ : ਪੈਸੇ ਕਮਾਏਂਗਾ ?
ਰਾਜਾ : ਕਮਾਊਂਗਾ ।
ਮਦਾਰੀ : ਸ਼ਾਬਾਸ਼ ਮੇਰੇ ਰਾਜਾ । (ਰਾਣੀ ਨੂੰ) ਹਾਂ ਬਈ ਰਾਣੀ ।
ਰਾਣੀ : ਕੀ ਗੱਲ ਐ ?
ਮਦਾਰੀ : ਤਮਾਸ਼ਾ ਦਿਖਾਏਂਗੀ ?
ਰਾਣੀ : ਨਹੀਂ ਦਿਖਾਉਂਦੀ ।
ਮਦਾਰੀ : ਗਾਣਾ ਸੁਣਾਏਂਗੀ ?
ਰਾਣੀ : ਨਹੀਂ ਸੁਣਾਉਂਦੀ ।
ਮਦਾਰੀ : ਪੈਸੇ ਕਮਾਏਂਗੀ ?
ਰਾਣੀ : ਨਹੀਂ ਕਮਾਉਂਦੀ ।

(ਮਦਾਰੀ ਇਸ਼ਾਰੇ ਨਾਲ ਬਚਿਆਂ ਨੂੰ ਦੱਸਦਾ ਹੈ ਕਿ ਰਾਣੀ ਦਾ ਦਿਮਾਗ਼ ਖ਼ਰਾਬ ਹੋ ਗਿਆ ਹੈ ਤੇ ਫੇਰ ਗਾਉਣ ਲਗਦਾ ਹੈ)

ਮਦਾਰੀ : (ਬੱਚਿਆਂ ਨੂੰ) ਸੁਣੋ ਸੁਣੋ ਲਗਦਾ ਹੈ ਆਪਣੀ
ਨਖਰੇਲੋ ਤਾਂ ਰੁੱਸ ਗਈ ਹੈ
ਰਾਣੀ ਰੁੱਸ ਗਈ ਤਾਂ ਸਮਝੋ
ਆਪਣੀ ਕਿਸਮਤ ਫੁਟ ਗਈ ਹੈ ।

(ਰਾਣੀ ਨੂੰ) ਮਹਾਰਾਣੀ ਜੀ, ਕੀ ਗੱਲ ਹੋ ਗਈ
ਮੇਰੇ ਨਾਲ ਕਿਉਂ ਝਗੜ ਰਹੀਂ
ਮੈਂ ਐਡੀ ਕੀ ਭੁੱਲ ਕਰ ਬੈਠਾ
ਜੋ ਤੂੰ ਐਨਾ ਅਕੜ ਰਹੀ ਏਂ ?

ਰਾਣੀ : (ਗਾ ਕੇ) ਨਹੀਂ ਕਮਾਵਾਂਗੀ ਮੈਂ ਪੈਸਾ
ਨਹੀਂ ਸੁਣਾਵਾਂਗੀ ਮੈਂ ਗਾਣਾ
ਮੈਨੂੰ ਤੂੰ ਭੁੱਖੀ ਰਖਦਾ ਏਂ

ਕੱਲ੍ਹ ਦਾਂ ਦਿੱਤਾ ਨਹੀਂ ਹੈ ਖਾਣਾ।

ਮਦਾਰੀ : (ਬੱਚਿਆਂ ਨੂੰ) ਓਹੋ, ਬਾਂਦਰੀ ਦੇ ਨਖ਼ਰੇ ਤਾਂ ਦੇਖੋ।
ਰਾਣੀ : ਦੇਖ ਮਦਾਰੀ, ਮੈਨੂੰ ਬਾਂਦਰੀ ਮਤ ਆਖੀਂ।
ਮਦਾਰੀ : ਕਿਉਂ-ਕਿਉਂ ?
ਰਾਣੀ : (ਗਾ ਕੇ) ਤੂੰ ਸਮਝਿਆ ਕੀ ਹੈ ਮੈਨੂੰ ?
ਕੀ ਮੈਂ ਤੈਨੂੰ ਬਾਂਦਰੀ ਲਗਦੀ ?
ਮੈਂ ਰਾਣੀ ਹਾਂ, ਦੇਖ ਜ਼ਰਾ ਤੂੰ
ਮੈਂ ਰਾਣੀ ਤੈਨੂੰ ਨਹੀਂ ਲਗਦੀ ?

(ਮਦਾਰੀ ਰਾਣੀ ਕੋਲ ਜਾ ਕੇ ਉਹਦੇ ਚਾਰੇ ਪਾਸੇ ਘੁੰਮ ਕੇ ਦੇਖਦਾ ਹੈ)

ਮਦਾਰੀ : ਹੂੰ। ਰਾਣੀ ਤਾਂ ਬਈ ਤੂੰ ਲਗਦੀ ਐਂ। (ਬੱਚਿਆਂ ਵਲ ਦੇਖ ਕੇ ਰਾਣੀ ਦਾ ਮਜ਼ਾਕ ਉਡਾਉਣ ਲ
ਅੱਖ ਮਾਰਦਾ ਹੈ ਤੇ ਫੇਰ ਰਾਣੀ ਨੂੰ ਕਹਿੰਦਾ ਹੈ) ਪਰ ਇਹ ਤਾਂ ਦੱਸ ਦੇ, ਕਿਸ ਦੇਸ ਦੀ ਮਹਾਰਾਣੀ ਏਂ
ਰਾਣੀ : (ਗਾ ਕੇ) ਮੈਂ ਆਪਣੇ ਮਨ ਦੀ ਰਾਣੀ ਹਾਂ
ਮੈਂ ਆਪਣੇ ਰਾਜੇ ਦੀ ਰਾਣੀ
ਰੁੱਖ ਬਣਾਉਂਦੇ ਮੇਰੀ ਰੋਟੀ
ਨਦੀਆਂ ਭਰਦੀਆਂ ਮੇਰਾ ਪਾਣੀ।
ਮਦਾਰੀ : (ਰਾਜਾ ਨੂੰ) ਕਿਉਂ ਬਈ ਰਾਜਾ, ਕੀ ਕਹਿੰਦੈਂ ? ਗੱਲ ਸੱਚੀ ਐ ਕਿ ਝੂਠੀ ?
ਰਾਜਾ : ਸੱਚੀ।
ਮਦਾਰੀ : ਇਕਦਮ ਸੱਚੀ ?
ਰਾਜਾ : ਇਕਦਮ ਸੱਚੀ।
ਮਦਾਰੀ : ਤਾਂ ਫੇਰ ਖੋਲ੍ਹ ਦਿਆਂ ਰਾਣੀ ਦੇ ਗਲ ਦੀ ਰੱਸੀ ?
ਰਾਜਾ : ਫ਼ੌਰਨ ਖੋਲ੍ਹੋ।
ਮਦਾਰੀ : ਤੇ ਤੇਰੀ ?
ਰਾਜਾ : ਇਹ ਵੀ ਖੋਲ੍ਹ। ਜਲਦੀ ਕਰ।
ਮਦਾਰੀ : ਜੇ ਨਾ ਖੋਲ੍ਹਾਂ ਤਾਂ ?
ਰਾਜਾ : (ਗਾ ਕੇ) ਖੋਲ੍ਹੋ ਰੱਸੀ ਜਲਦੀ ਖੋਲ੍ਹੋ
ਸਾਨੂੰ ਦੋਹਵਾਂ ਨੂੰ ਜਾਣ ਦਿਓ
ਆਪਣੀ ਮਿਹਨਤ ਆਪਣੀ ਰੋਟੀ
ਸਾਨੂੰ ਹੱਸ ਕੇ ਖਾਣ ਦਿਓ

ਕਾਫ਼ੀ ਨਾਚ ਨਚਾਇਆਂ ਹੈ ਤੂੰ
ਕਾਫ਼ੀ ਖੇਲ ਖਲਾਇਆ ਤੂੰ
ਜਦ ਖਾਣ ਦਾ ਵੇਲਾ ਆਇਆ
ਡੰਡਾ ਕਢ ਡਰਾਇਆ ਤੂੰ

ਭੁੱਖਣ-ਭਾਣੇ ਰਹਿ ਕੇ ਹੁਣ ਤਾਈਂ
ਬਹੁਤ ਦਖਾਇਆ ਖੇਲ ਤਮਾਸ਼ਾ
ਹੁਣ ਸਾਨੂੰ ਦੋਹਵਾਂ ਨੂੰ ਤੈਥੋਂ
ਹੋ ਚੁੱਕੀ ਹੈ ਬਹੁਤ ਨਿਰਾਸ਼ਾ

ਮਦਾਰੀ : (ਬੱਚਿਆਂ ਨੂੰ) ਦੇਖਿਆ ਬੱਚਿਓ, ਕੀ ਜ਼ਮਾਨਾ ਆਇਐ ! ਮੇਰਾ ਬਾਂਦਰ ਮੈਨੂੰ ਹੀ ਘੂਰਕੀ !
ਇਕ ਬੱਚਾ : ਤਾਂ ਫੇਰ ਤੂੰ ਤਾਂ ਇਨ੍ਹਾਂ ਨੂੰ ਛਡ ਕਿਉਂ ਨਹੀਂ ਦਿੰਦਾ ?
ਮਦਾਰੀ : ਵਾਹ ਬਾਈ ਵਾਹ। ਛੱਡ ਕਿਵੇਂ ਦਿਆਂ ? ਮੇਰੇ ਬਾਂਦਰ ਹਨ।
ਦੂਸਰਾ ਬੱਚਾ : ਪਰ ਤੂੰ ਤਾਂ ਕਹਿੰਦਾ ਸੀ ਇਹ ਜੰਗਲ ਦਾ ਰਾਜਾ ਹੈ।
ਤੀਸਰਾ ਬੱਚਾ : ਤੇ ਇਹ ਚਿੜੀਆ ਘਰ ਦੀ ਰਾਣੀ।
ਮਦਾਰੀ : (ਡੁਗਡੁਗੀ ਵਜਾ ਕੇ) ਸੁਣੋ ਸੁਣੋ ਐ ਪਿਆਰੇ ਬੱਚਿਓ

ਇਹ ਬਾਂਦਰ ਮੇਰੇ ਬਾਂਦਰ ਹਨ
ਜਿਵੇਂ ਚਾਹਵਾਂ ਮੈਂ ਓਵੇਂ ਨਚਾਵਾਂ
ਮੇਰੇ ਕਾਬੂ ਦੇ ਅੰਦਰ ਹਨ ।
ਮੈਂ ਇਨ੍ਹਾਂ ਨੂੰ ਮੁੱਲ ਲਿਆ ਹੈ
ਮੈਂ ਇਨ੍ਹਾਂ ਦੇ ਪੈਸੇ ਤਾਰੇ
ਰੋਟੀ ਕਪੜਾ ਦਿੱਤਾ ਇਨ੍ਹਾਂ ਨੂੰ
ਮੈਥੋਂ ਬੜਾ ਸੁੱਖ ਲਿਆ ਹੈ

ਰਾਜਾ : ਝੂਠ, ਨਿਰਾ ਝੂਠ ।

ਰਾਣੀ : (ਗਾ ਕੇ) ਕੁਫ਼ਰ ਮਦਾਰੀ ਤੋਲ ਰਿਹਾ ਹੈ
ਇਹਦੀਆਂ ਗੱਲਾਂ ਵਿਚ ਨਾ ਆਣਾ
ਮੂੰਹ ਦਾ ਮਿੱਠਾ ਦਿਲ ਦਾ ਖੋਟਾ
ਇਹਦੀਆਂ ਗੱਲਾਂ ਵਿਚ ਨਾ ਆਣਾ

ਇਹਨੇ ਨਈਂ ਖ਼ਰੀਦਿਆ ਮੈਨੂੰ
ਨਾ ਕੋਈ ਹੈ ਪੈਸਾ ਦਿੱਤਾ
ਮੈਂ ਚਿੜੀਆਘਰ ਰਹਿੰਦੀ ਸੀ
ਓਥੋਂ ਮੈਨੂੰ ਚੋਰੀ ਕੀਤਾ ।

ਇਕ ਬੱਚਾ : ਓਏ ਮਦਾਰੀਆ, ਤੂੰ ਚੋਰ ਏਂ ?

ਮਦਾਰੀ : ਐਵੇਂ ਬਕਦੀ ਐ । ਝੂਠ ਬੋਲਦੀ ਐ ।

ਰਾਣੀ : (ਗਾ ਕੇ) ਨਹੀਂ ਨਹੀਂ, ਮੈਂ ਸੱਚ ਕਹਿੰਦੀ ਹਾਂ

ਇਹਨੇ ਮੈਨੂੰ ਚੋਰੀ ਕੀਤਾ
ਰਾਜੇ ਨੂੰ ਵੀ ਜਾਲ ਜਾਲ ਵਿਛਾਂ ਕੇ
ਜੰਗਲ ਵਿਚੋਂ ਅਗਵਾ ਕੀਤਾ

ਦੂਸਰਾ ਬੱਚਾਂ : (ਰਾਜੇ ਨੂੰ) ਕਿਉਂ ਰਾਜੇ, ਰਾਣੀ ਸੱਚ ਕਹਿੰਦੀ ਐ ?

ਮਦਾਰੀ : (ਵਿਚੋਂ ਹੀ) ਨਹੀਂ, ਨਹੀਂ, ਇਹ ਝੂਠ ਬੋਲਦੀ ।

ਰਾਜਾ : (ਗਾ ਕੇ) ਨਹੀਂ ਨਹੀਂ, ਇਹ ਸੱਚ ਕਹਿੰਦੀ ਹੈ
ਝੂਠਾ ਚੋਰ ਉੱਚਕਾ ਇਹ ਹੈ
ਝੂਠੀਆਂ ਗੱਲਾਂ ਦਾ ਹੈ ਮਾਲਕ
ਸਭ ਤੋਂ ਵੱਧ ਕੇ ਪੱਕਾ ਇਹ ਹੈ
ਦਿਨ ਭਰ ਸਾਨੂੰ ਨਾਚ ਨਚਾ ਕੇ,
ਪੈਸੇ ਖ਼ੂਬ ਕਮਾਇਆ ਕਰਦਾ
ਸਾਨੂੰ ਭੁੱਖਣ-ਭਾਣੇ ਰਖ ਕੇ,
ਗੱਲਾਂ ਬਹੁਤ ਬਣਾਇਆ ਕਰਦਾ ।

ਮਦਾਰੀ : (ਜ਼ੋਰ ਨਾਲ ਡੁਗਡੁਗੀ ਵਜਾਉਂਦਿਆਂ) ਰਾਜੇ । ਤੇਰੀ ਜ਼ਬਾਨ ਬਹੁਤ ਚਲਣ ਲਗ ਪਈ ਐ । (ਰਾਜਾ-ਰਾਣੀ ਦੋਹਵਾਂ ਦੀਆਂ ਰੱਸੀਆਂ ਨੂੰ ਝਟਕ ਕੇ) ਚਲੋ, ਨੱਚ ਕੇ ਦਿਖਾਓ । (ਬੱਚਿਆਂ ਨੂੰ) ਬੱਚਾ ਲੋਕ, ਜ਼ਰਾ ਪਿੱਛੇ ਹੱਟ ਜਾਓ ਤੇ ਤਾਲੀ ਵਜਾਓ ।
(ਧੌਣ ਨੂੰ ਝਟਕਾ ਵੱਜਣ 'ਤੇ ਵੀ ਰਾਜਾ ਤੇ ਰਾਣੀ ਆਪਣੀ ਥਾਂ ਤੋਂ ਨਹੀਂ ਹਿੱਲਦੇ । ਮਦਾਰੀ ਫੇਰ ਝਟਕਾ ਦਿੰਦਾ ਹੈ ਤੇ ਡੁਗਡੁਗੀ ਵਜਾ ਕੇ ਗਾਉਂਦਾ ਹੈ)

ਮਦਾਰੀ : (ਗਾ ਕੇ) ਆਓ ਰਾਜਾ, ਆਓ ਰਾਣੀ,
ਸਭ ਬੱਚਿਆਂ ਦਾ ਜੀਅ ਪਰਚਾਓ ।
ਗਾਣਾ ਗਾਓ, ਨਾਚ ਦਿਖਾਓ,
ਦੋਹਵੇਂ ਪੈਸੇ ਖ਼ੂਬ ਕਮਾਓ ।

(ਰਾਜਾ-ਰਾਣੀ ਨਹੀਂ ਉਠਦੇ, ਤਾਂ ਮਦਾਰੀ ਫੇਰ ਝਟਕਾ ਦਿੰਦਾ ਹੈ ।

ਇਕ ਬੱਚਾ : ਓਏ ਮਦਾਰੀ, ਝਟਕਾ ਕਿਉਂ ਦਿੰਦਾ ਏਂ ? ਦੇਖਦਾ ਨਹੀਂ, ਰਾਣੀ ਨੂੰ ਤਕਲ਼ੀਫ਼ ਹੁੰਦੀ ਹੈ ?
ਦੂਸਰਾ ਬੱਚਾ : ਰੱਸੀ ਢਿੱਲੀ ਕਰ। ਰਾਜੇ ਦਾ ਗਲ ਘੁੱਟ ਰਿਹੈ।
ਮਦਾਰੀ : ਤਾਂ ਇਹ ਉਠਦੇ ਕਿਉਂ ਨਹੀਂ ? (ਫੇਰ ਝਟਕਾ ਦਿੰਦਾ ਹੈ)
ਤੀਸਰਾ ਬੱਚਾ : ਮਦਾਰੀ, ਇਨ੍ਹਾਂ ਨੂੰ ਛਡ ਦੇ।
ਸਾਰੇ ਬੱਚੇ : ਅਸੀਂ ਨਹੀਂ ਦੇਖਦੇ ਇਹ ਤਮਾਸ਼ਾ। ਤੂੰ ਇਨ੍ਹਾ ਨੂੰ ਛਡ ਦੇ।
ਮਦਾਰੀ : ਵਾਹ ਬ ੀ ਵਾਹ। ਛਡ ਕਿਵੇਂ ਦਿਆਂ ? ਇਨ੍ਹਾਂ ਨੂੰ ਛਡ ਦਿੱਤਾ ਤਾਂ ਮੈਂ ਕਮਾਵਾਂਗਾ ਕਿਵੇਂ ? ਖਾਵਾਂਗਾ ਕੀ ?

ਇਕ ਬੱਚਾ : (ਅੱਗੇ ਆ ਕੇ ਆਉਂਦਿਆਂ) ਏਨਾ ਹੱਟਾ-ਕੱਟਾ ਏਂ ਤੂੰ,
ਮਿਹਨਤ ਕਰ ਤੇ ਰੋਟੀ ਖਾ।

ਦੂਸਰਾ ਬੱਚਾ : (ਅੱਗੇ ਆ ਕੇ ਗਾਉਂਦਿਆਂ) ਹੋਰ ਨਹੀਂ ਤਾਂ ਆਪ ਹੀ ਨੱਚ ਲੈ,
ਗਾ ਕੇ ਸਭ ਦਾ ਜੀਅ ਪਰਚਾਅ।

ਮਦਾਰੀ : ਵਾਹ ਬਈ ਵਾਹ। ਮੈਂ ਕਿਉਂ ਨੱਚਾਂ ?
ਇਕ ਬੱਚਾ : ਹੋਰ ਇਨ੍ਹਾਂ ਨੂੰ ਨਚਾਏਂਗਾ ?
ਮਰਾਰੀ : ਹਾਂ ਨਚਾਵਾਂਗਾ।
ਦੂਸਰਾ : ਤੇ ਰੋਟੀ ਵੀ ਨਹੀਂ ਦਏਂਗਾ ?
ਮਦਾਰੀ : ਦੇਵਾਂ ਜਾਂ ਨਾ ਦਿਆ, ਮੇਰੀ ਮਰਜ਼ੀ।
ਤੀਸਰਾ : ਦੇਖ ਮਦਾਰੀ, ਇਹ ਠੀਕ ਨਹੀਂ ਹੈ।
ਮਦਾਰੀ ਓਏ, ਜਾਓ-ਜਾਓ, ਸਭ ਠੀਕ ਐ।
ਚੋਖਾ : ਅੱਛਾ, ਇਹ ਗੱਲ ਐ ?

(ਸਾਰੇ ਬੱਚੇ ਇਕੱਠੇ ਹੋ ਕੇ ਇਕ ਦੂਜੇ ਤੇ ਕੰਮਾਂ ਵਿਚ ਘੁਸਰਮੁਸਰ ਕਰਦੇ ਹਨ)

ਇਕ ਬੱਚਾ : (ਰਾਜੇ ਨੂੰ) ਰਾਜਾ ਆਪਣੇ ਹੱਥ ਦਿਖਾ'
ਇਹ ਦੀ ਹੋਸ਼ ਟਿਕਾਣੇ ਲਾ।

ਦੂਸਰਾ : (ਰਾਣੀ ਨੂੰ) ਰਾਣੀ ਤੂੰ ਵੀ ਅੱਗੇ ਆ,
ਆ ਕੇ ਇਹਨੂੰ ਮਜ਼ਾ ਚਖਾ।

(ਰਾਜਾ ਤੇ ਰਾਣੀ ਉਛਲ ਕੇ ਮਦਾਰੀ ਉੱਤੇ ਝਪਟਦੇ ਹਨ। ਮਦਾਰੀ ਡਰ ਜਾਂਦਾ ਹੈ। ਰਾਜਾ ਤੇ ਰਾਣੀ ਖੌਂ-ਖੌਂ ਕਰਦੇ ਉਹਨੂੰ ਚਿੰਬੜ ਜਾਂਦੇ ਹਨ। ਮਦਾਰੀ ਘਬਰਾ ਕੇ ਰੌਲਾ ਪਾਉਂਦਾ ਹੈ। ਹੱਥੋਂ ਰੱਸੀਆਂ ਛੁੱਟ ਜਾਂਦੀਆਂ ਹਨ। ਉਹਦੀ ਡੁਗਡੁਗੀ ਵੀ ਹੇਠਾਂ ਡਿਗ ਜਾਂਦੀ ਹੈ। ਰਾਜਾ-ਰਾਣੀ ਉਹਨੂੰ ਦੰਦੀਆਂ ਵੱਢਦੇ ਹਨ ਤੇ ਉਹ ਹੋਰ ਰੌਲਾ ਪਾਉਂਦਾ ਹੈ। ਤੇ ਡਿਗਦਾ-ਢਹਿੰਦਾ ਨੱਠ ਜਾਂਦਾ ਹੈ। ਬੱਚੇ ਖ਼ੁਸ਼ ਹੋ ਕੇ ਤਾੜੀਆਂ ਵਜਾਉਂਦੇ ਹਨ। ਇਕ ਬੱਚਾ ਰਾਜੇ ਕੋਲ ਜਾ ਕੇ ਉਹਦੇ ਗਲ ਦੀ ਰੱਸੀ ਖੋਲ੍ਹਦਾ ਹੈ ਤੇ ਸ਼ਾਬਾਸ਼ ਦਿੰਦਾ ਹੈ)

ਬੱਚਾ : ਸ਼ਾਬਾਸ਼, ਰਾਜਾ ਸ਼ਾਬਾਸ਼।

(ਦੂਜਾ ਬੱਚਾ ਰਾਣੀ ਕੋਲ ਜਾ ਕੇ ਉਹਦੀ ਧੌਣ ਤੋਂ ਰੱਸੀ ਖੋਲ੍ਹਦਿਆਂ ਸ਼ਾਬਾਸ਼ ਦਿੰਦਾ ਹੈ)

ਬੱਚਾ : ਸ਼ਾਬਾਸ਼, ਰਾਣੀ, ਸਾਬਾਸ਼।

(ਰਾਜਾ-ਰਾਣੀ ਇਕ ਦੂਜੇ ਦੇ ਗਲ ਲਗਦੇ ਹਨ। ਸਾਰੇ ਬੱਚੇ ਘੇਰਾ ਬਣਾ ਕੇ ਰਾਜਾਂ-ਰਾਣੀ ਨਾਲ ਨੱਚਦੇ ਗਾਉਂਦੇ ਹਨ।

ਸਾਰੇ ਬੱਚੇ : ਜਿਹੜਾ ਵੀ ਲੋਕਾਂ ਦੇ ਗਲ ਵਿਚ ਰੱਸੀ ਪਾ ਨਚਾਵੇਗਾ
ਇਸੇ ਤਰ੍ਹਾਂ ਰਲਿਮਲ ਉਹਨੂੰ ਮਾਰ ਨਠਾਇਆ ਜਾਵੇਗਾ
ਖ਼ੁਦ ਆਪਣੇ ਬੰਧਨ ਖੋਲ੍ਹਾਂਗੇ ਖ਼ੁਦ ਆਜ਼ਾਦੀ ਪਾਵਾਂਗੇ
ਜ਼ੁਲਮ-ਜਬਰ ਦੀ ਨ੍ਹੇਰੀ ਵਿਚ ਵੀ, ਅੱਗੇ ਵਧਦੇ ਜਾਵਾਂਗੇ।

○ ○ ○

# ਮੇਰੇ ਪਿੰਡ ਦੀ ਬਰਸਾਤ

ਗੁਰਦਿਆਲ ਦਲਾਲ

ਪਿੰਡ ਦਾ ਹਰ ਬੰਦਾ ਆਕਾਸ਼ ਵਲ ਮੂੰਹ ਚੁੱਕ ਮੀਂਹ ਲਈ ਦੁਆ ਕਰ ਰਿਹਾ ਹੈ। ਖੇਤਾਂ ਵਿਚ ਪਾਣੀ ਖੜ੍ਹ ਜਾਵੇ ਤੇ ਧਾਨ੍ਹਾਂ ਦੀ ਲੁਆਈ ਦਾ ਕੰਮ ਸ਼ੁਰੂ ਕਰੀਏ ਧਾਨ ਹੀ ਤਾਂ ਹਨ, ਜਿਨ੍ਹਾਂ ਦੇ ਆਸਰੇ ਸਾਰਾ ਪਿੰਡ ਜਿਉਂਦਾ ਹੈ। ਬੱਸ ਬਰਸਾਤ ਆਈ ਕਿ ਆਈ। ਪਿੱਪਲ ਹੇਠ ਪੀਲ-ਪਲੰਘੜਾ ਖੇਡ ਰਹੇ ਪਖੀਰੀ; ਦਿਆਲੀ, ਸੀਬਾ ਤੇ ਪਲਿੰਦਰੂ; ਸਾਧੂ ਛੜੇ ਦੀ ਛੰਨ ਹੇਠ ਤਾਸ਼ ਖੇਡਦੇ ਮੇਹਰੂ, ਮਾਨਾ, ਗੈਬਰ ਤੇ ਬੀਰੂ; ਟਿੱਬੇ ਤੇ ਕਬੱਡੀ ਖੇਡਦੇ ਦਾਰਾ, ਹੰਸੂ, ਬਾਂਤਾ, ਮੀਕਾ, ਸੱਜਣ, ਕਾਕਾ, ਬਿੰਦੀ, ਦੀਪ, ਸੁੱਖਾ ਤੇ ਭਾਗ; ਬਰੋਟੇ ਹੇਠ ਗੁੱਲੀ ਡੰਡਾ ਖੇਡਦੇ, ਭਜਨੀ, ਮਿੰਦਰ ਤੇ ਜਾਗਰ, ਪਿੱਪਲ ਹੇਠ ਪਿੱਠੂ ਖੇਡਦੇ ਚਰਨਾ, ਸਾਨ੍ਹਾਂ, ਬਲਵੀਰ, ਭਾਗ ਤੇ ਨੰਜਾ ਅਤੇ ਹਰ ਥਾਂ ਹੋ ਰਹੀ ਖੇਡ ਦੁਆਲੇ ਬੱਚਿਆਂ ਦੇ ਝੁਰਮਟ ਅੱਖ ਦੀ ਫਲਕੋਰ ਨਾਲ ਗਾਇਬ ਹੋ ਜਾਣਗੇ। ਕੀ ਮੁੰਡਾ ਕੀ ਬੁੜ੍ਹਾ, ਕੀ ਕੁੜੀ ਕੀ ਬੁੜ੍ਹੀ ਸਭ ਜਾ ਡਿਗਣਗੇ, ਚਿੱਕੜ ਅਤੇ ਜੋਕਾਂ ਵਾਲੇ ਪਾਣੀਆਂ ਵਿਚ। ਕੋਈ ਕੱਦੂ ਕਰੇਗਾ, ਕੋਈ ਪਨੀਰੀ ਪੁੱਟੇਗਾ ਕੋਈ ਧਾਨ ਲਾਵੇਗਾ। ਹਰੀਜਨਾਂ ਦੇ ਵਿਹੜੇ ਵਿਚੋਂ ਔਰਤਾਂ ਦੇ ਟੋਲੇ ਟਾਕੀਆਂ ਭਰੇ ਲੀੜੇ ਪਾ ਕੇ ਧਾਨ ਲੁਆਉਣ ਲਈ ਨਿਕਲਣਗੇ। ਤੇ ਫਿਰ ਪਨੀਰੀ ਪੁੱਟਦਾ ਤੇਲੀਆਂ ਦਾ ਕਾਕਾ, ਲੱਤ ਨਾਲੋਂ ਜੋਕ ਤੋੜਦਾ ਕਿਲਕਾਰੀ ਮਾਰਕੇ ਕਹੇਗਾ :

"ਹਾਇ ਉਇ......ਖਾ ਲਿਆ ਲੋਕੋ......ਚੁੰਬੜ ਗਈ ਆਸੇ ਦੀ ਨੋਂਹ।"

ਜਗੀਰੂ ਪਨੀਰੀ ਦੇ ਰੁੱਗ 'ਚੋਂ ਸੱਪ ਨੂੰ ਪਰ੍ਹਾਂ ਸੁੱਟਦਾ ਰੌਲਾ ਪਾਏਗਾ :

"ਲੈਅ ...... ਸੌਂ ਨਾਂ ਮੈਨੂੰ ਵਡੇ ਮਾਰ੍ਹਾਜ ਦੀ...... ਜਮ੍ਹਾਂ ਈ ਹੱਥ 'ਚ ਆ ਗਿਆ ਤਾ......ਏ......ਅ...... ਐਡਾ......ਏ ਬੁੜ੍ਹੀਏ, ਗੁੱਗੇ ਦੇ ਸੇਵੀਆਂ ਦਾ ਮੱਥਾ ਈ ਟੇਕ ਆਇਆ ਕਰ......ਲੜ ਗਿਆ ਤਾਂ ਰੋਮੇਂਗੀ ਅੱਖਾਂ ਤੇ ਹੱਥ ਧਰਕੇ .....ਜਗੀਰੂ ਪੁੱਤ ਨੀਂ ਕਿਸੇ ਦੇ ਘਰ ਜੰਮਣਾ; ਘਰ ਘਰ ਪੁੱਤ ਜੰਮਦੇ।"

ਸਾਰੇ ਪਿੰਡ ਦੀਆਂ ਗੱਲੀਆਂ 'ਚ ਚਿੱਕੜ ਖੜ੍ਹ ਜਾਵੇਗਾ। ਡੱਡੂਆਂ ਦੀ ਗੜੈ-ਗੜਾ-ਗੜੰਮ,ਗੜੈ-ਗੜਾ ਅੜੰਮ ਸੰਗੀਤ ਦੀਆਂ ਲਹਿਰਾਂ ਬਣ ਸਾਰੇ ਪਿੰਡ ਤੇ ਛਾ ਜਾਵੇਗੀ। ਬਰਸਾਤੀ ਰਾਤਾਂ ਵਿਚ ਝੂਮਦੇ ਜੁਗਨੂੰ ਅੱਗ ਦੀਆਂ ਲੀਕਾਂ ਛੱਡਦੇ ਫਿਰਨਗੇ। ਜਿਸ ਜਿਸ ਕੋਲ ਆਪਣੀਆਂ ਜੁੱਤੀਆਂ ਹਨ, ਸਭ ਲਾਹਕੇ ਟਰੰਕਾਂ ਵਿਚ ਧਰ ਦੇਣਗੇ। ਫਟੇ ਪੁਰਾਣੇ ਕੱਪੜਿਆ ਨੂੰ ਟਾਕੀਆਂ ਟੱਲੀਆਂ ਲਾ ਕੇ ਤੀਵੀਆਂ ਨੇ ਧਾਨਾਂ ਦੀ ਲੁਆਈ ਲਈ ਤਿਆਰ ਕਰ ਦਿੱਤਾ ਹੈ। ਬੋਤੀਆਂ ਦੇ ਝੁੰਮ ਬਣਾ ਲਏ ਗਏ ਹਨ। ਬਾਬੇ ਅਮਲੀ ਨੇ ਪੰਦਰਾਂ ਦਿਨ ਪਹਿਲਾਂ ਹੀ ਬਨੇਰਿਆਂ ਤੇ ਛੱਪਰੀਆਂ ਬੰਨ੍ਹਣ ਦਾ ਕੰਮ ਮੁਕਾ ਲਿਆ ਸੀ। ਪਿੰਡ ਦੀ ਮਿੱਟੀ ਚੰਦਰੀ ਐਨੀ ਮਾੜੀ ਕਿ ਦੋ ਛਾਛੜਿਆਂ ਨਾਲ ਹੀ ਕੰਧ ਔਹ ਗਈ......ਔਹ ਗਈ। ਪਿਛਲੇ ਸਾਲ ਇਕ ਦਿਨ ਮੀਂਹ ਹਨੇਰੀ ਇਕੱਠੇ ਹੀ ਆ ਗਏ। ਉਡਦੀ ਛੱਪਰੀ ਨੂੰ ਜੱਫਾ ਮਾਰੀ ਬਾਬਾ ਅਮਲੀ ਮੀਂਹ ਵਿਚ ਭਿੱਜਦਾ ਦੋ ਘੰਟੇ ਹਾਕਾਂ ਮਾਰੀ ਗਿਆ :

"ਏ ਉੱਤਮੀਂ......ਮੈਂ ਤਾਂ ਮਰ ਚਲਿਐਂ ਮੀਂਹ ਵਿੱਚ......ਤੈਨੂੰ ਚੱਕੀ ਝੋਣ ਦੀ ਪਈ ਹੋਈ ਆ...... ਏ ਉੱਤਮੀ।" ਪਰ ਉੱਤਮੀ ਸੀ ਕਿ ਆਟਾ ਪੀਹੀ ਜਾਵੇ ਤੇ ਗਾਈ ਜਾਵੇ।

ਦੇਬੂ ਦੀ ਗਲੀ ਵਾਲੀ ਕੰਧ ਇਸ ਵੇਰ ਫਿਰ ਡਿੰਗੂ-ਡਿੰਗੂ ਕਰ ਰਹੀ ਏ। ਪਿਛਲੇ ਸਾਲ ਕੋਈ ਮੀਂਹ ਪਏ ?......ਤੋਬਾ! ਚਰ੍ਹੀ ਦੀ ਭ਼ਰੀ ਸਿਰ ਤੇ ਚੁੱਕੀ ਆਉਂਦਾ ਕੇਸਰਾ ਦੇਬੂ ਦੀ ਕੰਧ ਹੇਠ ਆ ਗਿਆ ਤੇ

ਵਿਚਾਰੇ ਦੀ ਲੱਤ ਤੜੱਕ ਕਰ ਗਈ। ਵੈਸੇ ਤਾਂ ਪੰਚਾਇਤ ਨੇ ਕੇਸਰੇ ਨੂੰ ਪੰਜਾਹ ਰੁਪਏ ਹਰਜਾਨੇ ਦੇ ਦੁਆ ਦਿੱਤੇ ਸਨ, ਪਰ ਵਿਚਾਰੇ ਦੀ ਲੱਤ ਉਵੇਂ ਲਟਕਦੀ ਰਹਿ ਗਈ। ਟਿੱਡੇ ਘੁਮਾਰ ਨੇ ਲੱਤ ਜੋੜਨ ਲਈ ਵਾਹ ਜਹਾਨ ਦੀ ਲਾ ਲਈ ਪਰ ਲੱਤ ਸੂਤ ਨਾ ਹੋਈ। ਪਿੰਡ ਦਾ ਕੋਈ ਮੁੰਡਾ ਜੇ ਕੇਸਰੇ ਨੂੰ ਛੇੜਦਾ ਹੋਇਆ ਕਹਿੰਦਾ :

"ਡੁੰਡਾ ਕੇਸਰਾ ਪਹਾੜੀ ਚੜ੍ਹ ਜਾਵੇ, ਕਿਰਪਾ ਹੋਜੇ ਤੇਰੀ ਮਾਲਕਾ।"

ਤਾਂ ਕੇਸਰਾ ਗੱਲ ਭੁੰਜੇ ਨਾ ਡਿਗਣ ਦੇਂਦਾ, ਫੱਟ ਕਹਿਣ ਵਾਲੇ ਮੁੰਡੇ ਦੀ ਮਾਂ ਦਾ ਨਾਂ ਜੋੜਕੇ ਬੋਲਦਾ,

"ਗੁੰਗੀ ਨਾਰਦੀ ਦੇ ਪੱਕਣ ਪਰੌਂਠੇ,

ਕੇਸਰੇ 'ਰਾਂਦੇ ਅੱਗ ਨਾ ਬਲੇ।" ਤੇ ਕਹਿਣ ਵਾਲਾ ਓਥੇ ਹੀ ਗੁਲ ਹੋ ਜਾਂਦਾ। ਇਸ ਸਾਲ ਕੋਈ ਕੇਸਰੇ ਨੂੰ ਛੇੜਨ ਦੀ ਜੁੱਰਤ ਨਹੀਂ ਕਰੇਗਾ ਪਰ ਚਾਰੇ ਪਾਸੇ ਕੰਧਾਂ ਧੜੰਮ-ਧੜੰਮ ਉਵੇਂ ਡਿਗਣਗੀਆਂ। ਪਿਛਲੇ ਸਾਲਾਂ ਵਿਚ ਕਾਂਸੀ, ਲੇਖੂ, ਰਲਾ ਤੇ ਰਿਖੀ ਦਾ ਪੂਰਾ ਟੱਬਰ ਕੰਧਾਂ-ਕੋਠਿਆਂ ਦੀ ਲਪੇਟ ਵਿਚ ਆ ਕੇ ਸੁਰਗਾਂ ਨੂੰ ਟੁਰ ਗਏ। ਗੁੰਗੀ ਦਾ ਲੋਟਕੂ ਵਣ ਕਰੇਲੇ ਤੋੜਦਾ ਸੱਪ ਲੜਾਕੇ ਮਰ ਗਿਆ। ਦੇਖੋ, ਇਹ ਅਣਿਆਈ ਮੌਤ ਕਿਸ ਕਿਸ ਦੀ ਕਿਸਮਤ ਵਿਚ ਲਿਖੀ ਹੋਈ ਹੈ? ਹਰ ਸਾਲ ਐਨੇ ਬੰਦੇ ਕੋਲ ਵਹਿੰਦੀ ਸਰਹੰਦ ਨਹਿਰ 'ਚ ਡੁਬਕੇ ਨਹੀਂ ਮਰਦੇ, ਜਿੰਨੇ ਬਰਸਾਤ ਦੀ ਬਲੀ ਚੜ੍ਹ ਜਾਂਦੇ ਹਨ।

ਝੜੀ ਲੱਗਣ ਦੇ ਪਹਿਲੇ ਦੋ ਦਿਨ ਤਾਂ ਪਾਬਲਿਆਂ ਦੀ ਗੰਗੋ ਬੁੜ੍ਹੀ ਗੁਲਗਲੇ, ਕਚੌਰੀਆਂ ਅਤੇ ਪਤੌੜ ਬਣਾਏਗੀ। ਲੋਕ ਉਸਦੇ ਘਰ ਦੁਆਲੇ ਪਕਵਾਨ ਦੀ ਖੁਸ਼ਬੋ ਲੈਂਦੇ ਫਿਰਨਗੇ। ਪਰ ਜੇ ਤੀਜੇ ਦਿਨ ਵੀ ਮੀਂਹ ਪੈਣੋਂ ਨਾ ਹਟਿਆ ਤਾਂ ਉਹ ਲੀਰਾਂ ਦੇ ਗੁੱਡਾ-ਗੁੱਡੀ ਬਣਾਕੇ ਮਗਰ ਆਟੇ ਦੀ ਪੋਟਲੀ ਟੰਗ ਬਨੇਰੇ ਤੇ ਗੱਡ ਦੇਵੇਗੀ ਤੇ ਉਤੇ ਝਾਕਕੇ ਕਹੇਗੀ :

"ਰੁੜ੍ਹ ਜਾਣਿਆਂ ਗਲੀਓਂ ਹੋਗੀ ... ਬੱਸ ਕਰ ਹੁਣ।"

ਕੋਲੋਂ ਲੰਘਦਾ ਤਾਰੂ ਦਾ ਜੋਧਾ ਗੰਗੋ ਵੱਲ ਝਾਕਕੇ ਝੂਠ ਬੋਲੇਗਾ :

"ਅੰਮਾਂ.. ਮੈਂ ਹੁਣੀਂ ਆਇਐਂ ਚਮਕੌਰ ਤੋਂ ... ਅਜੇ ਕਹਿੰਦੇ ਬਹੱਤਰ ਘੰਟੇ ਦੀ ਹੋਰ ਝੜੀ ਆ ... ਰੋਟੀ ਖਾਕਾ ਪਏ ਰਹੋ ਅੰਦਰੀਂ।" ਤੇ ਗੰਗੋ 'ਬਾਖ਼ਰੂ' ਕਹਿਕੇ ਅੰਦਰ ਵੜ ਜਾਵੇਗੀ।

ਤੇ ਜੇ ਕਿਧਰੇ ਸੱਚ ਮੁੱਚ ਝੜੀ ਲੰਮੀਂ ਚਲੀ ਗਈ ਤਾਂ ਬੁੱਧਦਾਸ ਦੇ ਡੇਰੇ ਦਾ ਸਿਰੜੀ ਲੰਗੜਾ ਤੁੱਲੀ, ਕੱਪੜੇ ਖੋਹਲ ਕੇ ਆਪਣੀ ਵਿੰਗੀ ਲੱਤ ਨਾਲ ਪਾਇਲ ਪਾਉਂਦਾ ਰੋੜਾਂ ਦੇ ਚੌਰਾਹੇ ਵਿੱਚ ਕੁੰਡਲੀ ਮਾਰਕੇ ਬੈਠ ਜਾਵੇਗਾ ਤੇ ਰੱਬ ਨੂੰ ਚੈਲਿੰਜ ਕਰੇਗਾ :

"ਜਦ ਤੱਕ ਮੀਂਹ ਬੰਦ ਨਹੀਂ ਕਰਦਾ। ਐਥੇ ਈ ਬੈਠਾ ਰਹੂੰ।"

ਪਿਛਲੇ ਸਾਲ ਲੰਗੜੇ ਤੁੱਲੀ ਅੱਗੇ ਹਾਰ ਮੰਨਕੇ ਰੱਬ ਨੂੰ ਮੀਂਹ ਬੰਦ ਕਰਨਾ ਪਿਆ ਸੀ! ਫਿਰ ਕੋਈ ਚੜ੍ਹਾਵਾ ਚੜ੍ਹਿਆ? ਸੂੰਮਾਂ ਦੀ ਪਨਮੇਸਰੀ ਵੀ ਪਰਾਂਤ ਆਟੇ ਦੀ ਭਰ, ਵਿਚ ਗੁੜ ਦੀਆਂ ਪਿੜਿਸੀਆਂ ਰੱਖ ਬੁੱਧਦਾਸ ਦੇ ਡੇਰੇ ਵੱਲ ਨੂੰ ਤੁਰ ਪਈ ਸੀ। ਦਰ-ਦਰ ਘੁੰਮਕੇ ਗਜਾ ਕਰਨ ਵਾਲਾ ਲੰਗੜਾ ਤੁਲੀ ਦੋ ਮਹੀਨੇ ਵਿਚ ਹੀ ਸ੍ਰੀ ਸ੍ਰੀ 108 ਬਾਬਾ ਬਾਲ ਮੁਕੰਦ ਜੀ ਮਹਾਰਾਜ ਬਣਕੇ ਪਾਟਣ ਨੂੰ ਆ ਗਿਆ ਸੀ। ਜੇ ਐਤਕੀਂ ਵੀ ਲੰਗੜੇ ਦੇ ਲੋਟ ਆ ਗਈ ਤਾਂ ਉਹ ਤਾਂ ਲੱਖਾਂ ਵਿਚ ਖੇਲੂ।

ਬਾਹਰ ਗਏ ਡੰਗਰ ਤਾਂ ਭਾਵੇਂ ਬਹੁਤਿਆਂ ਦੇ ਦਲਦਲ ਵਿੱਚ ਧੱਸ ਜਾਂਦੇ ਨੇ ਪਰ ਲੰਡੂ ਦੇ ਟੱਬਰ ਤੇ ਇਹ ਰੱਬ ਦੀ ਕਰੋਪੀ ਏ ਕਿ ਹਰ ਸਾਲ ਬਰਸਾਤ ਵਿਚ ਚੋਣੇ ਗਈਆਂ ਉਹਨਾਂ ਦੀ ਇਕ-ਦੋ ਗੈਆਂ ਜੱਜਲ ਵਿਚ ਧੱਸ ਜਾਂਦੀਆਂ ਨੇ। ਉਹਨਾਂ ਦੀ ਬੁੜ੍ਹੀ ਨਰਾਤੀ ਕੂਕਾਂ ਮਾਰਕੇ ਸਾਰੇ ਪਿੰਡ ਨੂੰ ਇਕੱਠਾ ਕਰ ਲੈਂਦੀ ਹੈ। ਉਸਨੂੰ ਰੋਂਦੀ ਵੇਖ ਉਹਨਾਂ ਦਾ ਗਵਾਂਢੀ ਦਰੂ ਛੜਾ ਉੱਚੀ ਉੱਚੀ ਗਾਉਣ ਲੱਗ ਪੈਂਦਾ ਹੈ। ਇਸ ਵਾਰ ਵੀ ਇਹ ਪੱਕ ਏ ਕਿ ਉਹਨਾਂ ਦਾ ਕੋਈ ਡੰਗਰ ਬਾਹਰ ਰਹੂ ਜਰੂਰ ਤੇ ਲੰਡੂ ਦਾ ਵੱਡਾ ਮੁੰਡਾ ਭਿੰਦੀ ਮਰਾਸੀਆਂ ਦੇ ਕੀੜੂ ਨੂੰ ਹਾਕ ਮਾਰਕੇ ਕਹੇਗਾ :

"ਲਾਲ ਸਿੰਆਂ, ਲਾਖੀ ਨੀਂ ਮੁੜੀ ਅੱਜ, ਚੱਲ ਜ਼ਰਾ ਦੇਖ ਆਈਏ।"

ਤਾਂ ਕੀੜੂ ਹੱਸਕੇ ਕਹੇਗਾ :

"ਲੱਤਾਂ ਤੁੜਵਾਉਣਾ ਫਾਲਤੂ ਈ ਨਾ ਜਾਵੇ ਪਹਿਲਾਂ ਛੱਜੂ ਬਾਹਮਣ ਤੋਂ ਪੁੱਛਿਆ ਪੁਆਇਆ ਜੇ ਵਧੀ ਹੋਈ ... ਮੈਂ ਜਦ ਨੂੰ ਦਸ ਬਾਰਾਂ ਰੋਟੀਆਂ ਦੀ ਖਬਰ ਲੈ ਲਵਾਂ।"

ਪਿੰਡ ਵਿਚ ਸਭ ਤੋਂ ਵੱਧ ਗੁਰਦੇਈ ਦੇ ਕੋਠੇ ਚੋਂਦੇ ਹਨ। ਬੱਸ ਮੀਂਹ ਅਜੇ ਬੇਲੇ ਕੋਲ ਹੁੰਦਾ ਏ ਉਹਦੇ ਕੋਠੇ ਪਹਿਲਾਂ ਤਿੱਪ-ਤਿੱਪ। ਭਾਵੇਂ ਉਹ ਗਲੀਆਂ-ਸਰੀਖੀਆਂ

ਬੰਦ ਕਰਦੀ ਸਾਰਾ ਸਾਲ ਲੰਘਾ ਦੇਂਦੀ ਏ–ਪਰ ਜਿਵੇਂ ਖ਼ਵਾਜ਼ੇ ਦਾ ਉਹਦੇ ਨਾਲ ਅਜ਼ਲਾਂ ਤੋਂ ਵੈਰ ਹੁੰਦਾ ਏ ... ਸਾਰੀ ਬਰਸਾਤ ਤ੍ਰਿੱਪ–ਤ੍ਰਿੱਪ–ਤ੍ਰਿੱਪ। ਕਿਧਰੇ ਬਾਟੀ ਪਈ ਹੋਵੇਗੀ, ਕਿਧਰੇ ਗਿਲਾਸ, ਕਿਧਰੇ ਤਸਲਾ ਤੇ ਕਿਧਰੇ ਕੌਲੀ। ਗੁਰਦੇਈ ਦਰਵਾਜੇ ਵਿਚ ਲੱਕ ਤੇ ਹੱਥ ਧਰੀ ਖੜ੍ਹੀ ਲੰਘਦੇ–ਵੜਦੇ ਨੂੰ ਵੇਖ ਆਖੇਗੀ :

"ਸੱਪ ਤੋਂ ਨੀਂ ਡਰਦੀ, ਸੀਂਹ ਤੋਂ ਨੀਂ ਡਰਦੀ
ਇਕ ਆਹ ਤਪਕਊਏ ਨੇ ਮਾਰੀ।"

ਸਭ ਤੋਂ ਵੱਧ ਮੁਸੀਬਤ ਤਾਂ ਡੰਗਰਾਂ ਦੇ ਘਰ ਖੜ੍ਹਨ ਦੀ ਹੋਵੇਗੀ। ਬੱਸ ਉੱਥੇ ਹੀ ਮੁਤਰਾਲ ਦੇ ਘਾਣ ਹੋਈ ਜਾਣੇ ਹਨ। ਵੱਡਾ ਵੱਡਾ ਮੱਖ ਡੰਗਰਾ ਦੀਆਂ ਲੱਤਾਂ ਤੇ ਲਹੂ ਦੀਆਂ ਧਾਰਾਂ ਵਹਾ ਦੇਵੇਗਾ। ਖ਼ੂਨ ਦਾ ਰੱਜਿਆ ਮੱਛਰ ਹੈਲੀਕਾਪਟਰਾਂ ਵਾਂਗ ਉਡਾਰੀਆਂ ਲਾਵੇਗਾ। ਵੱਡੇ ਘਰਾਂ ਦਾ ਗੋਹਾ ਕੂੜਾ ਤਾਂ ਸਰਧੀ ਅਰ ਕਾਕੋ ਸਾਂਭ ਲੈਣਗੀਆਂ। ਬਾਕੀਆਂ ਦਾ ਕੀ ਬਣੂ ? ਗੋਹਾ ਢੇਰਾਂ ਤੇ ਸੁੱਟਣਾ ਪਵੇਗਾ। ਮੀਂਹ ਨਾਲ ਪੱਥੀਆਂ ਪਾਥੀਆਂ ਦਾ ਗੋਹਾ ਬਣ ਜਾਵੇਗਾ। ਬਾਲਣ ਗਿੱਲਾ ਹੋ ਜਾਵੇਗਾ। ਗਰਮੀਆਂ ਦੇ ਸੁਕਾਏ ਕੱਖ ਮੁੱਕ ਜਾਣਗੇ। ਚਰ੍ਹੀ ਦੇ ਖੇਤਾਂ ਵਿਚ ਲੱਕ-ਲੱਕ ਪਾਣੀ ਘੁੰਮੇਗਾ। ਅੱਛਰੂ ਅਰ ਟਹਿਲੂ ਆਪਣੀਆਂ ਵੱਡੀਆਂ ਨੂੰ ਇਸ ਸਾਲ ਵੀ ਅੱਖਾਂ ਬੰਨ੍ਹ ਕੇ, ਜੋਟੇ ਬਣਾਕੇ, ਇਓਂਦ ਦੀ ਝੀਲ ਟਪਾਉਣਗੇ। ਭੁੱਖ ਨਾਲ ਡੰਗਰ ਧੜਾ-ਧੜ ਮਰਨਗੇ। ਕੁਝ ਮੈਸੂਾਂ ਵੀ ਜਕਿਆਕੇ ਮਰਨਗੀਆਂ। ਬਖ਼ਤੌਰੇ ਤੇ ਸੰਮੇਂ ਨੂੰ ਮੌਜ ਬਣੂੰ ... ਖੱਲਾਂ ਬੜੀਆਂ ਮਹਿੰਗੀਆਂ ਵਿਕਣਗੀਆਂ। ਹੁਣ ਤਾਂ ਹੱਡ ਵੀ ਪਿਆਜਾਂ ਦੇ ਭਾਅ ਨੇ।

ਕਾਕੋ ਦੇ ਅਰਜਣ ਨੇ ਇਸ ਵਾਰ ਵੀ ਬਰਸਾਤ ਦਾ ਕੋਈ ਫ਼ਿਕਰ ਨਹੀਂ ਕਰਨਾ। ਲੋਕਾਂ ਦੇ ਕੰਧਾਂ ਕੋਠੇ ਟੱਪਦੀ ਬੱਤੀ ਵਰ੍ਹਿਆਂ ਦੀ ਆਪਣੀ ਧੀ ਤਾਰੋ ਦੀ ਐਤਕੀ ਵੀ ਉਹਨੇ ਪਰਵਾਹ ਨਹੀਂ ਕਰਨੀ। ਪਤਾ ਨਹੀਂ ਪੱਠਾ ਕਿਹੜੇ ਖੂਹ 'ਚੋਂ ਕਾਲੀ-ਮਾਈ ਲਿਆਈ ਜਾਂਦੇ। ਨਿੱਤ ਗੋਲਾ ਸੁੱਟਦੇ ਅੰਦਰ। ਬੱਸ ਗੁੱਟ ਹੋ ਕੇ ਮੰਜੇ ਤੇ ਪਏ ਨੇ ਹੁੱਕਾ ਬੜ੍ਹਕਾਈ ਜਾਣੈਂ। ਤੇ ਜਦੋਂ ਉਸਨੂੰ ਹੁੱਕਾ ਪੀਂਦੇ–ਪੀਂਦੇ ਖੰਘ ਦਾ ਦੌਰਾ ਪਵੇਗਾ ਤਾਂ ਉਹ ਹਫ਼ਿਆ ਹੋਇਆ ਕਾਕੋ ਨੂੰ ਕਹੇਗਾ :

"ਇਹ ਖੰਘ ਹੁੱਕੇ ਕਰਕੇ ਨਹੀਂ ... ਚੰਦਰੇ ਜਮਾਨੇ ਮਾੜੇ ਆ ਗਏ ... ਤਮਾਖੂ 'ਚ ਮਿਲਾਵਟ ਆ।"

ਸੁਨਿਆਰਾਂ ਦੀ ਬੁੜ੍ਹੀ ਪੂਰਬ ਵੱਲ ਬਿਜਲੀ ਲਿਸ਼ਕਦੀ ਵੇਖ ਅੱਧੀ ਰਾਤ ਹੀ ਆਪਣੀ ਸੋਟੀ ਨਾਲ ਗਲੀ ਵਿਚ ਟਿੱਕ–ਟਿੱਕ ਕਰਦੀ ਬਾਹਰਲੇ ਕੋਠੇ ਵੱਲ ਤੁਰ ਪਵੇਗੀ। ਰਾਹ ਵਿਚ ਉੱਚੀ ਉੱਚੀ ਬੋਲਦੀ ਜਾਵੇਗੀ ਤੇ ਬਾਹਰਲੇ ਕੋਠੇ ਪਹੁੰਚ ਉੱਚੀ ਦੇਣੇ ਹਾਕ ਮਾਰਦੀ ਕਹੇਗੀ :

"ਵੇ ਛੋਟੂ ... ਵੇ ਮੰਜੇ ਠਾਹਾਂ ਲਾਹ ਲਵੋ ਵੇ ... ਆਉਂਦੈ ਗਰਜ ਦਾ ... ਵੇ ਤੁਸੀਂ ਸੁਣਦੇ ਕਿਉਂ ਨੀ ਵੇ ...।"

ਤੇ ਉਂਘੜੀ ਨੀਂਦ ਦਾ ਸਤਾਇਆ ਛੋਟੂ ਆਪਣੇ ਸਾਥੀ ਬੀਰੂ ਨੂੰ ਅਵਾਜ਼ ਮਾਰਦਾ ਕਹੇਗਾ, "ਬੀਰੂ, ਹੇਠ ਨਾ ਉੱਤਰੀਂ ਉਇ ਬੁੜ੍ਹੀ ਹਲਕ ਗਈ।"

ਤੇ ਇਹ ਗੱਲ ਸੁਣਦੇ ਸਾਰ ਸਾਹਮਣੇ ਕੋਠੇ ਤੋਂ ਕਾਲੀ ਦਾ ਹਾਸਾ ਸਾਰੇ ਪਿੰਡ ਤੇ ਖਿਲਰ ਜਾਵੇਗਾ।

"ਹਾ ਹਾ...ਹਾ ਬੁੜ੍ਹੀ ਹਲਕ ਗਈ...ਹਾ...ਹਾ ...ਹਾ ਬੁੜ੍ਹੀ ਹਲਕ ਗਈ।"

ਜਿਨ੍ਹਾਂ ਨੇ ਮੌਕੇ ਸਿਰ ਘੜੇ ਪਾ ਲਏ, ਉਹਨਾਂ ਨੂੰ ਕੱਢਣ ਦੀ ਬਹੁਤੀ ਔਖ ਨਹੀਂ ਹੋਣੀ। ਬੱਸ ਤਸਲਾ, ਕੰਡੀਰਾ ਤੇ ਰੱਕੜ ਦੀ ਨਾਲੀ ਫਿੱਟ ਕੀਤੀ। ਅੱਗ ਦਾ ਤਾਅ ਦਿੱਤਾ ਤੇ ਬੋਤਲਾਂ ਭਰ ਲਈਆਂ। ਲਾਹਣ ਚੁੱਕ ਕੇ ਗਲੀ ਵਿਚ ਹੜ੍ਹਾ ਦਿੱਤਾ। ਨਾਂ ਮੁਸ਼ਕ ਆਵੇ ਤੇ ਨਾ ਕੋਈ ਬਿੜਕਾਂ ਲਵੇ। ਹਿੰਮਤੀ ਬੰਦਿਆਂ ਨੇ ਜੰਗਲਾਤ 'ਚੋਂ ਟਾਹਣੇ ਵੱਢ ਵੱਢ ਘਰ ਭਰ ਲੈਣੇ ਨੇ। ਰਾਜਾ ਪਿਆਰਾ ਤਾਂ ਇਕੱਲਾ ਹੀ ਜਿਉਂਦੀ ਟਾਹਲੀ ਚੁੱਕ ਕੇ ਲਿਆਊ। ਜੇ ਖਾਊਆਂ ਦਾ ਦੀਪਾ ਟਾਹਲੀ ਤੇ ਚੜ੍ਹਿਆ ਜੰਗਲ਼ਾਤੀਏ ਦੇ ਅੜਿੱਕੇ ਆ ਗਿਆ ਤਾਂ ਉਹ ਹੇਠ ਵੱਲ ਝਾਕ ਕੇ ਕਹੇਗਾ।

"ਚੌਧਰੀ...ਪਾਸੇ ਹੋ ਜਾ ... ਫੇਰ ਨਾ ਕਹੀਂ...ਮੈਂ ਕੁਲਹਾੜੀ ਸੁੱਟਣ ਲੱਗਿਐਂ।"

"ਜੈਮਲ ਦੇ ਛੋਟੇ ਭਰਾ ਨਿਕੂ ਨੇ ਬਰਸਾਤ ਬਰਸਾਤ ਘਰੋਂ ਨਹੀਂ ਨਿਕਲਣਾ। ਭਾਵੇਂ ਪਿੰਡ ਵਿਚ ਜੱਗ ਵੀ ਕਿਉਂ ਨਾ ਹੋਵੇ। ਜਦੋਂ ਜੈਮਲ ਨੂੰ ਗਾਰੇ ਵਿਚ ਲੱਥ–ਪੱਥ ਹੋਇਆ ਵੇਖ ਉਹਨਾ ਦੀ ਬੁੜ੍ਹੀ ਨਿਕੂ ਨੂੰ ਕਹੇਗੀ :

"ਵੇ ਟੁੱਟ ਪੈਣਿਆਂ...ਤੂੰ ਵੀ ਡੱਕਾ ਤੋੜਕੇ ਦੂਹਰਾ ਕਰ ਲਿਆ ਕਰ...ਖਾਨੈਂ ਪਨਸੇਰੀ ਰੋਟੀਆਂ ਦੀ... ਤੇਰੇ ਲੜ ਜਾਏ ਸੱਪ ਰੁੜ੍ਹ ਜਾਣੇ ਦੇ ਕੌਡੀਆਂ ਆਲਾ।"

ਤਾਂ ਨਿਕੂ ਆਪਣੇ ਹੱਥ ਉਤਲੇ ਚੰਬਲ ਨੂੰ

ਖੁਰਚਦਾ ਗੱਲ ਹਾਸੇ ਵਿਚ ਟਾਲਦਾ ਕਹੇਗਾ :

"ਬੁੜ੍ਹੀਏ ਤੇਰੇ ਲੱਗ ਜੇ ਦਗਾੜਾ...ਤੂੰ ਬੋਲਦੀ, ਏਂ ਕਿ ਟਿੱਟਾਂ ਮਾਰਦੀ ਏਂ...ਕੰਡੀਆਂ ਆਲਾ ਸੱਪ ਬੁੱਕਲ 'ਚ ਲਈ ਬੈਠੀ ਏਂ...ਖੀਹ...ਖੀਹ...ਖੀਹ।"

ਇਸ ਵੇਰ ਵੀ ਸਭ ਤੋਂ ਵੱਧ ਖਰੂੰਈਆਂ ਟੂਣੇ ਝਿਊਰ ਦੇ ਹੋਣਗੀਆਂ ਤੇ ਧਾਨਾਂ ਦੀ ਪਨੀਰੀ ਵੀ ਸਭ ਤੋਂ ਵਧ ਉਸੇ ਦੀ ਵਿਕੇਗੀ। ਉਹ ਗਾਹਕਾਂ ਦੀ ਭਾਲ ਵਿਚ ਗੰਦੇ ਪਾਣੀ ਤੇ ਜੋਕਾਂ-ਸੱਪਾਂ ਵਿੱਚ ਘੁੰਮਣ ਦਾ ਫ਼ਿਕਰ ਨਹੀਂ ਕਰੇਗਾ। ਜਿਹੜਾ ਉਸ ਨੂੰ ਠੇਕੇਦਾਰ ਹਰੀ ਸਿੰਘ ਆਖ ਪਨੀਰੀ ਦਾ ਸੌਦਾ ਕਰੇਗਾ,ਉਹ ਨਫੇ ਵਿਚ ਰਹੇਗਾ। ਰਾਤ ਨੂੰ ਲਗਾਤਾਰ ਪੈਰ ਖੁਰਚਦੇ ਨੂੰ ਟੋਕਦੀ ਉਸ ਦੀ ਤੀਵੀਂ ਪੂਰੇ ਖਿਝਕੇ ਬੋਲੇਗੀ :

"ਕੇਂਦੂ ਸਾੜ ਕੇ ਫੂਕਲੈ ਉੱਤੇ–ਲਾਈ ਆ ਖੁਰਚ-ਖੁਰਚ...ਨਾਂ ਸੌਂਦੇ ਨਾ ਸੌਣ ਦੇਂਦੇ...ਨਹੀਂ ਦੰਦਲ ਦਾਤੀ ਨਾਲ ਵੱਢਦੇ ਉਂਗਲਾਂ ਨੂੰ।"

ਤੇ ਅੱਗਿਓਂ ਟੂਣਾ ਵੀ ਲੋਹਾ ਲਾਖਾ ਹੋ ਕੇ ਕਹੇਗਾ :

"ਐਥੇ ਘੱਗਰੀ ਜੀ ਘਮਾਉਂਦੀ ਵਿਹਲੀ ਫਿਰਦੀ ਰਹਿੰਨੀ ਏਂ ਨਾ ? ਗੱਲਾਂ ਆਉਂਦੀਆਂ ਕੁਤੀੜ ਨੂੰ...ਤੈਨੂੰ ਲੱਗੇ ਕਦੀ ਜੋਕ ਤਾਂ ਤਰਲੋਕੀ ਦਿਖੇ ਕੰਜਰ ਦੀ ਨੂੰ.. ਮਖਾਂ, ਥੋੜ੍ਹਾ ਜਿਆ ਪਾਣੀ ਤਾਂ ਲਿਆ ਗਰਮ ਕਰ ਕੇ।"

ਹਲਾਂ ਤੋਂ ਆਉਂਦੇ ਖਾਊਆਂ ਦੇ ਆੜੂ ਨੂੰ ਜੇ ਚਿੱਟੇ ਕਪੜੇ ਪਾਈ ਫਿਰਦਾ ਸਫੇਦ ਪੋਸ਼ ਟੱਕਰ ਗਿਆ ਤਾਂ ਉਹ ਜ਼ੋਰ ਨਾਲ 'ਸਾਸਰੀ ਕਾਲ' ਬੁਲਾਕੇ, ਥੋੜ੍ਹਾ ਅੱਗੇ ਲੰਘ ਕੇ ਬਲਦਾਂ ਦੇ ਪਰਾਣੀ ਮਾਰਦਾ ਬੁੜਬੜਾਏਗਾ :

"ਸਾਲਾ ਮੱਖ,...ਚਿੱਚੜ...ਬਲੈਡੀਬਾਸਕਟ...ਲੁੱਟ ਲੁੱਟ ਕੇ ਲੋਕਾਂ ਨੂੰ.. ਇਕ ਦਿਨ ਲਾਵੇਂ ਨਾ ਧਾਨ ਖੇਤਾਂ 'ਚ...ਲੱਕ 'ਚੋਂ ਨਿਕਲਣ ਭਾਫ਼ਾਂ ਤਾਂ ਸਾਲੇ ਮੇਰੇ ਦੇ ਆਵੇ ਨਾਨੀ ਯਾਦ...।"

ਇਸ ਵੇਰ ਦਾੜ੍ਹੀ ਵਾਲਿਆਂ ਦੀ ਨਵੀਂ ਬਹੂ ਜਦੋਂ ਆਪਣੀ ਲੋਹੇ ਦੀ ਪੇਟੀ ਖੋਲ੍ਹੇਗੀ ਤਾਂ ਆਪਣੇ ਨਵੇਂ-ਨਕੋਰ ਕਪੜਿਆਂ ਨੂੰ ਲੋਹੇ ਦੀ ਜ਼ਰ ਦਾ ਪੱਕਾ ਰੰਗ ਚੜ੍ਹਿਆ ਵੇਖ ਸਿਰ ਫੜਕੇ ਬੈਠ ਜਾਵੇਗੀ ਤੇ ਉਸ ਦੇ ਬੁੱਲ੍ਹ ਫਰਕਣਗੇ :

"ਤੂੰ ਧੀ ਤੇ ਜ਼ੁਲਮ ਕਮਾਇਆ, ਬੇਟ 'ਚ ਵਿਆਹ ਕੇ ਬਾਬਲਾ।"

ਤੇ ਜੇ ਕਿਧਰੇ ਉਸ ਦਾ ਘਰ ਵਾਲਾ ਮੇਲੂ ਛੁੱ
ਆ ਗਿਆ ਤਾਂ ਉਹ ਲੋਕਾਂ ਕੋਲ ਜਾਗ੍ਰਿਤੀ ਲਿਆਉ
ਬਾਰੇ ਆਪਣੀਆਂ ਫਿਲਾਸਫ਼ੀਆਂ ਘੋਟੇਗਾ। ਇਨਕਲਾ
ਦੀਆਂ ਗੱਲਾਂ ਕਰੇਗਾ। ਕਿਸਾਨਾਂ ਦੀ ਲੁੱਟ-ਖਸੁੱਟ ਬਾ
ਲੋਕਾਂ ਨੂੰ ਸਮਝਾਉਣ ਦੀ ਕੋਸ਼ਿਸ਼ ਕਰੇਗਾ। ਉਸ ਦੇ
ਪਿੱਠ ਪਿੱਛੇ ਲੋਕ ਉਸ ਨੂੰ 'ਮੇਲੂ ਕਮਲਾ' ਕਹਿਣਗੇ
'ਖੀਹ–ਖੀਹ' ਕਰਕੇ ਹੱਸਣਗੇ। ਮੂੰਗਫਲੀ ਦੇ ਦਾਣਿ
ਨੂੰ ਮੂੰਹ ਵਿਚ ਕਚੋਲਦਾ ਸੀਤਲ ਤਾਂ ਉਸ ਨੂੰ ਮੂੰਹ ਤੇ ਹੀ
ਟੋਕ ਦੇਵੇਗਾ :

"ਨਹਿਰ ਦਾ ਪੁਲ ਟੱਪਦੇ ਨੇ...ਬਣ ਜਾਨੇ ਆ
ਕੌਮਨਸ਼ਟੀਏ...ਲੱਗ ਜਾਨੇ ਆਂ ਰੰਗਰੇਜ਼ੀਆਂ ਘੋਟਣ।"

ਪਿਛਲੇ ਸਾਲ ਤੇਲੀਆਂ ਦੇ ਰੌਸ਼ਨ ਨੇ ਬਰਸਾਤ ਦੀ
ਕਰੋਪੀ ਮਗਰੋਂ ਜਿਹੜਾ ਗੀਤ ਜੋੜਿਆ ਸੀ, ਉਹ ਪਿੰ
ਦੇ ਬੱਚੇ ਬੱਚੇ ਦੀ ਜ਼ੁਬਾਨ ਬਣ ਗਿਆ :

ਰਾਇਪੁਰ ਦੇ ਗੁਰਦੁਆਰੇ ਵਿਚ ਪਾਣੀ ਪੈ ਗਿਆ।
ਨੱਥਾ ਜਿਉਂ ਨਿੱਕਲਕੇ ਬਾਹਰ ਬਹਿ ਗਿਆ।
ਸੈਣੀਆਂ ਆ ਹੋਇਆ ਕਹਿੰਦੇ ਬੁਰਾ ਹਾਲ ਜੀ।
ਅੱਸੂ ਵਾਲੀ ਝੜੀ ਦਾ ਸੁਣਾਵਾਂ ਹਾਲ ਜੀ।

ਚਾਰ ਪੰਜ ਘਰਾਂ ਨੂੰ ਛੱਡਕੇ ਪਿੰਡ ਦੇ ਸਾਰੇ ਮਕਾ
ਕੱਚੇ ਹਨ। ਨੀਵੀਂ ਥਾਂ ਤੇ ਬਣਿਆ ਗੁਰਦੁਆਰਾ ਪੱ
ਜ਼ਰੂਰ ਹੈ, ਪਰ ਔਖੀ ਘੜੀ ਉਹ ਵੀ ਜਵਾਬ ਦੇ ਜਾਂ
ਹੈ। ਬਰਸਾਤ ਸ਼ੁਰੂ ਹੋਣ ਤੇ ਲੋਕਾਂ ਲਈ ਇਕੋ-ਇ
ਆਸਰਾ ਰੱਬ ਦਾ ਹੋਣਾ ਹੈ। ਕਦੀ ਮੀਂਹ–ਕਦੀ ਧੁ
ਗਰਮ-ਸਰਦ ਹੋ ਕੇ ਕੋਠੇ ਢਹਿਣਗੇ। ਜਿਸਦੀ ਘਟੀ ਹੈ
ਉਹ ਪੂਰਾ ਹੋ ਜਾਵੇਗਾ, ਜਿਸਦੀ ਵਧੀ ਹੈ ਉਸ ਦਾ ਵ
ਵਿੰਗਾ ਨਹੀਂ ਹੁੰਦਾ। ਪਿੰਡ ਵਿਚ ਜੱਗ ਹੋਣਗੇ,
ਹੋਣਗੇ। ਦੇਵੀ ਦੇਵਤਿਆਂ ਦੀ ਮਨੌਤ ਹੋਵੇਗੀ।
ਗੁਰਦੁਆਰੇ ਵਿਚ ਅਖੰਡ ਪਾਠਾਂ ਦੀ ਲੜੀ ਸ਼ੁਰੂ ਹੋਵੇਗੀ।
ਪਿਛਲਾ ਸਾਰਾ ਮਹੀਨਾ ਲੋਕਾਂ ਨੇ ਬੰਨ੍ਹ ਤੇ ਮਿੱਟੀ ਪਾਉ
ਦੀ ਨਿਸ਼ਕਾਮ ਸੇਵਾ ਕੀਤੀ ਹੈ ਪਰ ਸਰਕਾਰੀ ਕਾਗ
ਵਿਚ ਬੰਨ-ਬੰਨ੍ਹਣ ਦੇ ਵੱਡੇ ਵੱਡੇ ਖਰਚੇ ਪੈਣਗੇ।
ਹੜ੍ਹ ਆਉਣਗੇ ... ਹੇ ਰੱਬਾ! ਹੜ੍ਹਾਂ ਦੀ ਗੱਲ
ਕਰੀਏ ਤਾਂ ਚੰਗਾ। ਇਸ ਨਾ ਮੁਰਾਦ ਬਿਮਾਰੀ ਦਾ
ਮੂੰਹੋਂ ਨਾਂ ਨਾ ਕਢਾਵੇ ਤਾਂ ਭਲਾ ... ਹੇ ਮੇਰੇ ਪਿੰਡ! ਤੇ
ਰੱਬ ਰਾਖਾ।

# ਉੱਤਰੀ ਅਮਰੀਕਾ ਵਿਚ ਘੱਟ-ਗਿਣਤੀ ਲੋਕਾਂ ਦੇ ਸਾਹਿਤ ਦੇ ਅਜੋਕੇ ਮਸਲੇ ਤੇ ਝੁਕਾਅ

ਡਾ. ਯਸ਼ਦੀਪ ਸਿੰਘ ਬੈਂਸ

ਡਾ. ਯਸ਼ਦੀਪ ਸਿੰਘ ਬੈਂਸ ਅਮਰੀਕਾ ਵਿੱਚ ਅੰਗਰੇਜ਼ੀ ਦੇ ਅਧਿਆਪਕ ਹਨ। ਕੁਝ ਸਮਾਂ ਉਹ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਅੰਗਰੇਜ਼ੀ ਵਿਭਾਗ ਦੇ ਮੁਖੀ ਵੀ ਰਹਿ ਚੁਕੇ ਹਨ। ਡਾ. ਫੌਜਾ ਸਿੰਘ ਦੇ ਲੇਖ ਸੰਬੰਧੀ ਵਿਵਾਦ ਸਮੇਂ ਅਕਾਦਮਿਕ ਅਜ਼ਾਦੀ ਦੇ ਵਿਸ਼ੇ 'ਤੇ ਹੋਏ ਸੰਮੇਲਨ ਵਿਚ ਵਾਈਸ-ਚਾਂਸਲਰ ਦੀ ਇੱਛਾ ਦੇ ਖ਼ਿਲਾਫ਼ ਉਹਨਾਂ ਨੇ ਆਪਣਾ ਪਰਚਾ ਪੜ੍ਹਿਆ ਸੀ। ਨਤੀਜੇ ਵਜੋਂ, ਉਹਨਾਂ ਨੂੰ ਆਨੇ-ਬਹਾਨੇ ਯੂਨੀਵਰਸਿਟੀ 'ਚੋਂ ਜਾਣ ਲਈ ਮਜਬੂਰ ਕਰ ਦਿੱਤਾ ਗਿਆ।

ਇਹ ਪਰਚਾ ਉਹਨਾਂ ਬਰਤਾਨੀਆਂ ਵਿਚ ਹੋਏ ਵਿਸ਼ਵ ਪੰਜਾਬੀ ਸਾਹਿਤ ਸੰਮੇਲਨ ਵਿਚ ਪੜ੍ਹਿਆ ਹੈ। ਭਾਵੇਂ ਇਸ ਦਾ ਸੰਬੰਧ ਅਮਰੀਕਾ ਤੇ ਕਨੇਡਾ ਦੇ ਘੱਟ-ਗਿਣਤੀ ਲੋਕਾਂ ਦੇ ਸਾਹਿਤ ਨਾਲ ਹੈ, ਪਰ ਪਰਿਣਾਮਵਾਦੀ ਫਲਸਫੇ ਦੇ ਪ੍ਰਭਾਵ ਹੇਠ ਜਿਹੜੇ ਸਾਹਿਤ ਵਿੱਚ ਆਈਆਂ ਮਾਰੂ ਪ੍ਰਵਿਰਤੀਆਂ ਤੇ ਝੁਕਾਅ ਆਏ ਹਨ, ਉਹਨਾਂ ਦੀ ਪ੍ਰਾਸੰਗਿਕਤਾ ਸਾਡੇ ਸਾਹਿਤ ਨਾਲ ਵੀ ਹੈ। ਕਈ ਪ੍ਰਵਿਰਤੀਆਂ ਤੇ ਝੁਕਾਅ ਸਾਡੇ ਸਾਹਿਤ ਵਿਚ ਵੀ ਵੇਖਣ 'ਚ ਆਉਂਦੇ ਹਨ, ਜੋ ਭਾਂਵੇ ਅਚੇਤਨ ਹੀ ਆਉਂਦੇ ਹੋਣ, ਉਹਨਾਂ ਦੇ ਖ਼ਤਰਨਾਕ ਪਰਿਣਾਮ ਬਾਰੇ ਚੇਤਨ ਹੋਣ ਦੀ ਲੋੜ ਹੈ।

—ਸੰਪਾਦਕ

'ਕੌਮ, ਧਰਮ, ਭਾਸ਼ਾ ਆਦਿ ਕਰਕੇ ਬਿਰਾਦਰੀ ਨਾਲੋਂ ਵਖਰਾਈ ਹੋਈ ਲੋਕਾਂ ਦੀ ਨਿੱਕੀ ਟੋਲੀ ਨੂੰ' ਘੱਟ-ਗਿਣਤੀ ਵਾਲੇ ਕਿਹਾ ਜਾਂਦਾ ਹੈ। ਅਮਰੀਕਾ ਤੇ ਕਨੇਡਾ ਵਿਚ ਸਮਾਜ-ਵਿਗਿਆਨੀ 'ਘੱਟ-ਗਿਣਤੀ' ਪਦ ਦੀ ਵਰਤੋਂ ਸਮਾਜ ਦੇ ਗਰੀਬ ਤੇ ਕੁਚਲੇ ਲੋਕਾਂ ਨੂੰ ਵਖਰੇ ਸਮੂਹਾਂ ਦੇ ਤੌਰ ਤੇ ਦਰਸਾਉਣ ਲਈ ਅਤੇ ਇਹ ਦੱਸਣ ਲਈ ਵੀ ਕਰਦੇ ਹਨ ਕਿ ਉਹਨਾਂ ਦੀ ਗਿਣਤੀ ਬਹੁ-ਗਿਣਤੀ 'ਅਮੀਰਾਂ' ਦੇ ਮੁਕਾਬਲੇ ਵਿਚ ਬੜੀ ਘੱਟ ਹੈ। ਇਸ ਗਲਤ ਧਾਰਣਾ ਨੂੰ ਘੋਖਿਆਂ ਪਤਾ ਚਲਦਾ ਹੈ ਕਿ ਘੱਟ-ਗਿਣਤੀ ਸਮੂਹ ਬਸਤੀਵਾਦ ਦੀ ਉਪਜ ਅਤੇ ਨਵੀਂ ਦੁਨੀਆਂ ਦੀ ਸਥਾਪਨਾ ਕਰਕੇ ਹੋਂਦ ਵਿਚ ਆਏ। ਘੱਟ-ਗਿਣਤੀ ਦੇ ਸਭ ਤੋਂ ਪਹਿਲੇ ਲੋਕ ਸਥਾਨਕ ਭਾਰਤੀ ਸਨ। ਉਹਨਾਂ ਨਾਲ ਉਹ ਕਾਲੇ ਲੋਕ ਵੀ ਆ ਰਲੇ ਜੋ ਸੰਗਲਾਂ 'ਚ ਨੂੜ ਕੇ ਅਫਰੀਕਾ ਤੋਂ 'ਸੁਪਨਿਆਂ ਦੇ ਦੇਸ਼' ਲਿਆਂਦੇ ਗਏ ਸਨ। ਅਠਾਰ੍ਹਵੀਂ ਸਦੀ ਦੀ ਕਨੇਡਾ ਵਿਚ ਬਰਤਾਨੀਆਂ ਦੀ ਕਿਉਬੈਕ ਦੀ ਜਿੱਤ ਮਗਰੋਂ ਫਰਾਂਸੀਸੀ ਕਨੇਡੀਅਨ ਘੱਟ-ਗਿਣਤੀ ਦੇ ਬਣ ਗਏ। ਉਨ੍ਹਵੀਂ ਤੇ ਵੀਹਵੀਂ ਸਦੀ ਵਿਚ ਘੱਟ-ਗਿਣਤੀ ਦੀਆਂ ਸਫ਼ਾਂ ਵਿਚ ਵਾਧਾ ਕਰਨ ਵਾਲੇ ਸਨ : ਪੱਛਮੀ, ਭਾਰਤੀ, ਚੀਨੀ, ਪਿਉਰਟੋ

ਰੀਕਨਜ਼, ਪੂਰਬੀ ਭਾਰਤੀ, ਆਇਰਿਸ਼, ਪੁਰਤਗਾਲੀ, ਪੋਲ ਆਦਿ । ਇਹਨਾਂ ਗਰੀਬ ਤੇ ਵਾਂਝੇ ਲੋਕਾਂ ਦਾ ਜੋੜ ਅਖੌ ਬਹੁ-ਗਿਣਤੀ ਤੋਂ ਵਧ ਜਾਂਦਾ ਹੈ । ਸੱਚ ਤਾਂ ਇਹ ਹੈ ਕਿ ਅਮੀਰ 'ਬਹੁ-ਗਿਣਤੀ' ਦਾ ਗਰੀਬ ਨੂੰ 'ਘੱਟ-ਗਿਣ ਗਰਦਾਨਣ ਦਾ ਮਕਸਦ ਉਹਨਾਂ ਨੂੰ ਮਦਦ ਦਾ ਪਾਤਰ ਦਰਸਾਉਣਾ ਹੈ ।

ਉੱਤਰੀ ਅਮਰੀਕਾ ਵਿਚ ਘੱਟ-ਗਿਣਤੀ ਦੀ ਧਾਰਣਾ ਦੀਆਂ ਜੜ੍ਹਾਂ ਉਤਪਾਦਨ ਦੇ ਆਰਥਿਕ ਰਿਸ਼ਤਿਆਂ ਵਿ ਹਨ, ਜੋ ਕਿਰਤ ਦੀ ਹੱਦੋਂ ਵੱਧ ਲੁਟ ਤੇ ਆਧਾਰਤ ਹਨ । ਘੱਟ-ਗਿਣਤੀ ਸਮਝਿਆ ਜਾਣਾ ਸਸਤੀ ਉਜਰਤ ਸ਼ਕਤੀ ਰਾਖਵੇਂ ਭੰਡਾਰ ਵਿੱਚ ਸ਼ਾਮਿਲ ਹੋਣਾ ਤੇ ਉਹਨਾਂ ਸਭਿਆਚਾਰਕ ਲਾਭਾਂ ਤੋਂ ਵਾਂਝੇ ਹੋਣਾ ਹੈ, ਜੋ ਅਖੌਤੀ ਬਹੁ-ਗਿਣਤੀ ਪ੍ਰਾਪਤ ਹਨ । ਘੱਟ-ਗਿਣਤੀ ਦੇ ਲੋਕ ਪਛੜੇ ਹੋਏ, ਗਰੀਬ, ਅਨਪੜ੍ਹ, ਅੰਧਵਿਸ਼ਵਾਸੀ, ਵੇਹਲੜ੍ਹ, ਕਿਸਮਤ 'ਚ ਯ ਰੱਖਣ ਵਾਲੇ ਅਤੇ ਦਰਅਸਲ 'ਗੈਰ-ਅਮਰੀਕੀ' ਹਨ । ਉਹਨਾਂ ਦਾ ਇਤਿਹਾਸ ਖੋਜ ਦੇ ਯੋਗ ਨਹੀਂ, ਉਹਨਾਂ ਦੀ ਪ ਸਤਿਕਾਰ ਦੇ ਕਾਬਲ ਨਹੀਂ ਅਤੇ ਉਹਨਾਂ ਦੀ ਕੋਈ ਸਿਰਜਨਾਤਮਕ ਕਿਰਤ ਸਾਂਭਣ ਯੋਗ ਨਹੀਂ । ਉਹਨਾਂ ਦੀ ਪ੍ਰਕਿ ਵਿਹਾਰੀ ਨਹੀਂ ਕਿ ਉਹ ਵਪਾਰਕ ਖੁਲ੍ਹ ਤੇ ਅਸੀਮਿਤ ਮੌਕਿਆਂ ਦੀ ਧਰਤ 'ਚ ਸਫਲਤਾ ਹਾਸਲ ਕਰ ਸਕਣ । ਘੱ ਗਿਣਤੀ ਲੋਕਾਂ ਨੂੰ ਸਹਿਯੋਗ ਤੇ ਅਗਵਾਈ ਦੀ ਲੋੜ ਹੈ ਤਾਂ ਜੋ ਉਹ ਆਪਣੇ ਆਪ ਨੂੰ ਅਮਰੀਕੀ ਜੀਵਨ-ਜਾਚ ਅਨੁ ਢਾਲ ਸੱਕਣ ।

ਅਮਰੀਕਾ ਤੇ ਕਨੇਡਾ ਦਾ ਇਤਿਹਾਸ ਇਸ ਗਲ ਦਾ ਗਵਾਹ ਹੈ ਕਿ ਘੱਟ-ਗਿਣਤੀ ਵਾਲਿਆਂ ਨੇ ਆ ਦਮਨਕਾਰੀਆਂ ਨਾਲ ਸੰਘਰਸ਼ ਕੀਤਾ ਹੈ ਅਤੇ ਨ-ਬਰਾਬਰੀ ਤੇ ਲੁੱਟ ਦੇ ਖਿਲਾਫ ਆਪਣਾ ਘੋਲ ਜਾਰੀ ਰੱਖਿਆ ਸਮਾਜਿਕ ਤੇ ਆਰਥਿਕ ਮੁਕਤੀ ਲਈ ਕੀਤੀਆਂ ਆਪਣੀਆਂ ਕੋਸ਼ਿਸ਼ਾਂ ਨੂੰ ਹੋਰ ਤਿਖੇਰਾ ਕਰਨ ਲਈ, ਉਹਨਾਂ ਕਵਿਤਾ, ਤੇ ਹੋਰ ਸਾਹਿਤ ਰੂਪਾਂ ਦੀ ਸਿਰਜਨਾ ਕੀਤੀ ਹੈ । ਕਾਲੇ, ਸਥਾਨਕ ਭਾਰਤੀ, ਚੀਨੀ, ਪੂਰਬੀ ਭਾਰਤੀ ਤੇ ਹੋਰਨਾਂ ਲੋਕ ਇਹ ਪ੍ਰਗਤੀਵਾਦੀ ਸਾਹਿੱਤਕ ਸਰਗਰਮੀ ਪਕਿਆਈ ਤੇ ਵਿਕਾਸ ਦੇ ਪੱਖੋਂ ਵੱਖ ਵੱਖ ਪੱਧਰ 'ਤੇ ਹੈ, ਜਿਸ ਬਾਰੇ ਵਿਸ ਵਿੱਚ ਜਾਣ ਦੀ ਇਥੇ ਲੋੜ ਨਹੀਂ। ਘੱਟ-ਗਿਣਤੀ ਦੇ ਸਾਹਿਤ ਦੇ ਇਤਿਹਾਸਕ ਕਾਰਜ ਦੀ ਵਿਆਖਿਆ ਉੱਤਰੀ ਅਮ ਸਾਮਰਾਜਵਾਦ ਦੇ ਰਾਜਨੀਤਕ, ਆਰਥਿਕ ਤੇ ਸਮਾਜਿਕ ਪ੍ਰਸੰਗ ਦੁਆਰਾ ਕੀਤੀ ਜਾਂਦੀ ਹੈ ਅਤੇ ਇਸੇ ਲਈ ਪ੍ਰਗਤੀਵਾਦੀ ਤੇ ਪਿਛਾਂਹਖਿੱਚੂ ਵਰਗਾਂ ਦੇ ਵਿਚਾਰਧਾਰਕ ਘੋਲ ਦਾ ਧੁਰਾ ਹੈ ।

ਘੱਟ-ਗਿਣਤੀ ਦੇ ਸਾਹਿਤ ਵਿੱਚਲੇ ਵਿਚਾਰਧਾਰਕ ਸੰਘਰਸ਼ ਦੇ ਧੁਰੇ ਨੂੰ ਇਸ ਤਰ੍ਹਾਂ ਨਿਸ਼ਚਿਤ ਰੂਪ ਦਿ ਸਕਦਾ ਹੈ । ਘੱਟ-ਗਿਣਤੀ ਵਾਲੇ ਸਾਮਰਾਜਵਾਦ ਦੇ ਖਿਲਾਫ ਘੋਲ ਦਾ ਫੌਜੀ ਦਸਤਾ ਹਨ । ਉਹਨਾਂ ਦੇ ਲੁਟੇਰੇ ਖਤਰੇ ਨੂੰ ਭਾਂਪਦੇ ਹੋਏ, ਉਹਨਾਂ ਨੂੰ ਇਨਕਲਾਬ ਦੇ ਰਾਹ ਤੋਂ ਕੁਰਾਹੇ ਪਾਉਣ ਲਈ ਉਹਨਾਂ ਨੂੰ ਸਫਲਤਾ ਦੇ ਪ੍ਰਣਾ ਵਾਹਦੇ ਪੇਸ਼ ਕਰਦੇ ਹਨ । ਇਹ ਵਿਵਸਥਾ ਲੁੱਟ-ਘਸੁੱਟ 'ਤੇ ਅਧਾਰਿਤ ਹੈ । ਪ੍ਰਗਤੀਵਾਦੀ ਲੇਖਕ ਤੇ ਵਿ ਆਪਣੇ ਸੰਘਰਸ਼ ਨੂੰ ਬਚਾਉਣ ਦੀ ਕੋਸ਼ਿਸ਼ ਕਰਦੇ ਹਨ । ਉਹ ਭੁਲੇਖਿਆਂ ਨੂੰ ਦੂਰ ਕਰਦੇ, ਸਰਕਾਰੀ ਪ੍ਰਚਾਰ ਦੇ ਘ ਨਿਸ਼ਾਨੇ ਨੂੰ ਨੰਗਾ ਕਰਦੇ ਅਤੇ ਇਨਕਲਾਬ ਦੇ ਸਮਾਜਵਾਦ ਦੀ ਰਾਜਨੀਤਕ ਸੇਧ ਨੂੰ ਕਾਇਮ ਰੱਖਦੇ ਹਨ । ਜਿਸ ਨ ਤੇ ਗੁੰਝਲਦਾਰ ਵਿਚਾਰਧਾਰਕ ਘੋਲ, ਜਿਸ ਦਾ ਖੇਤਰ ਕੌਮਾਂਤਰੀ ਹੈ, ਨੂੰ ਧੀਰਜ ਨਾਲ ਘੋਖਣ ਦੀ ਲੋੜ ਹੈ ਕਿ ਇਸ ਦਾ ਸਿਧਾ ਸੰਬੰਧ ਉੱਤਰੀ ਅਮਰੀਕਾ ਵਿਚ ਕਾਲੇ ਤੇ ਪੂਰਬੀ ਭਾਰਤੀਆਂ ਵਾਂਗ ਘੱਟ-ਗਿਣਤੀ ਦੇ ਲੋਕਾਂ ਵਲੋਂ ਗਏ ਸਾਹਿਤ ਨਾਲ ਹੈ ।

ਅਮਰੀਕੀ ਸਾਮਰਾਜਵਾਦ ਦੀ ਵਿਚਾਰਧਾਰਕ ਅਗਵਾਈ ਹੇਠ, ਬਰਜੁਆਜੀ ਪਰਿਣਾਮਵਾਦ (Pragmati ਤੇ ਧਰਮ ਦੇ ਦਾਰਸ਼ਨਿਕ ਵਿਚਾਰਾਂ ਦਾ ਪ੍ਰਚਾਰ ਕਰ ਰਹੀ ਹੈ ਤਾਂ ਕਿ ਕੁਚਲੇ ਤੇ ਲੁੱਟੇ ਲੋਕਾਂ ਦੇ ਸਾਹਿਤ ਪ੍ਰਗਤੀਸ਼ੀਲ ਅੰਸ਼ਾਂ ਨੂੰ ਖਤਮ ਕੀਤਾ ਜਾ ਸਕੇ । ਹਰ ਰੰਗ ਦੇ ਸੋਧਵਾਦੀ ਇਸ ਪ੍ਰਚਾਰ ਮੁਹਿੰਮ ਵਿੱਚ ਵੱਧ ਚੜ੍ਹ ਕੇ ਲੈਂਦੇ ਹਨ । ਪ੍ਰਗਤੀਵਾਦੀ ਲੇਖਕਾਂ ਤੇ ਵਿਦਵਾਨਾਂ ਦਾ ਜ਼ਰੂਰੀ ਫਰਜ਼ ਪਰਿਣਾਮਵਾਦ ਦੇ ਪ੍ਰਸਾਰ ਨੂੰ ਨਥ੍ਹ ਪਾਉਣ ਦੱਬੇ-ਕੁਚਲੇ ਲੋਕਾਂ ਦੇ ਸਾਹਿਤ ਵਿੱਚ ਰੂਪਮਾਨ ਹੁੰਦੇ ਬੁਰਜੂਆ ਵਿਚਾਰਧਾਰਾ ਦੇ ਘੱਟੀਆ ਪੱਖਾਂ ਨੂੰ ਨੰਗਾ ਕ ਸੰਭਵ ਹੈ ।

ਪਰਿਣਾਮਵਾਦ ਤੇ ਧਰਮ ਨੂੰ ਨਕਾਰ ਕੇ ਹੀ ਉੱਤਰੀ ਅਮਰੀਕਾ ਤੇ ਹੋਰਨਾਂ ਥਾਵਾਂ ਦੇ ਘੱਟ-ਗਿਣਤੀ ਦੇ ਕਲਪਨਾਸ਼ੀਲ ਲੇਖਕ ਨੂੰ ਤਾਕਤ ਤੇ ਸੇਧ ਦਿਤੀ ਜਾ ਸਕਦੀ ਹੈ। ਇਸ ਪੇਪਰ ਵਿਚ ਸਾਹਿਤ ਉਪਰ ਪਏ ਪਰਿਣਾਮਵਾਦ ਤੇ ਧਰਮ ਦੇ ਪ੍ਰਭਾਵ ਦੇ ਸਾਧਾਰਨ ਲੱਛਣਾਂ ਦੀ ਚਰਚਾ ਕੀਤੀ ਜਾਂਦੀ ਹੈ, ਵਿਸ਼ੇਸ਼ ਤੌਰ 'ਤੇ ਪੂਰਬੀ ਭਾਰਤੀ ਤੇ ਕਾਲੇ ਲੋਕਾਂ ਦੇ ਲੇਖਨ ਦੇ ਸੰਬੰਧ ਵਿਚ।

ਪਰਿਣਾਮਵਾਦ ਦੇ ਦਾਰਸ਼ਨਿਕ ਸਾਰ ਤੋਂ ਸਾਰੇ ਜਾਣੂ ਹਨ ਅਤੇ ਇਸ ਨੂੰ ਸੰਖੇਪ ਨਾਲ ਇਸ ਤਰ੍ਹਾਂ ਦੱਸਿਆ ਜਾ ਸਕਦਾ ਹੈ। ਇਸ ਵਿਚ ਕਿਸੇ ਸਮੱਸਿਆ ਦੀ ਸੱਚਾਈ ਉਸ ਨਾਲ ਸੰਬੰਧਿਤ ਅਜਮਾਇਸ਼ੀ ਸਿੱਟੇ ਜਾਂ ਉਸ ਦੇ ਅਮਲੀ-ਮੁੱਲ ਨਾਲ ਪਰਖੀ ਜਾਂਦੀ ਹੈ। ਵਿਚਾਰਾਂ ਦੀ ਕੀਮਤ ਉਹਨਾਂ ਦੇ ਅਮਲੀ ਸਿੱਟੇ ਕਰਕੇ ਹੈ ਤੇ ਕਿਸੇ ਦੇ ਵਿਸ਼ਵਾਸ਼ਾਂ ਦੀ ਸੱਚਾਈ ਜਾਂ ਪ੍ਰਮਾਣਿਕਤਾ ਦੀ ਇਕੋ ਇਕ ਕਸੌਟੀ ਹੈ ਉਸ ਦਾ ਸਿੱਟਾ। ਮੁੱਲ ਸਾਧਨ ਤੇ ਉਦੇਸ਼ ਦੋਨਾਂ ਵਿਚ ਹੁੰਦੇ ਹਨ। ਸਮਾਂ ਸਥਾਨ ਤੇ ਉਦੇਸ਼ ਦੇ ਸਾਪੇਖ ਹੋਣ ਸਦਕਾਂ ਸੱਚ ਉੱਭਰਦਾ ਹੈ। ਇਹ ਧਾਰਨਾ ਵੇਖਣ ਨੂੰ ਭਾਵੇਂ ਵਿਗਿਆਨਕ ਤੇ ਅਧਿਆਤਮਕ-ਵਿਰੋਧੀ ਜਾਪਦੀ ਹੈ, ਪਰ ਹੈ ਨਹੀਂ। ਲੈਨਿਨ ਨੇ ਇਸ 'ਨਵੇਂ' ਦ੍ਰਿਸ਼ਟੀਕੋਣ ਨੂੰ **Marerialism and Empirio-Criticism** ਰਚਨਾ ਦੇ ਇਕ ਫੁਟ ਨੋਟ ਵਿਚ ਇਸ ਤਰ੍ਹਾਂ ਪ੍ਰਗਟਾਇਆ ਹੈ :

> ਪਰਿਣਾਮਵਾਦ ਪਦਾਰਥਵਾਦ ਤੇ ਆਦਰਸ਼ਵਾਦ ਦੋਨਾਂ ਦੀ ਪਰਾ-ਭੌਤਿਕਤਾ ਦਾ ਮਖੌਲ ਉਡਾਉਂਦਾ ਹੈ। ਉਹ ਕੇਵਲ ਅਨੁਭਵ ਨੂੰ ਹੀ ਜੀ ਆਇਆਂ ਕਰਦਾ ਹੈ ਤੇ ਅਮਲ ਨੂੰ ਹੀ ਇਕੋ ਕਸੌਟੀ ਮੰਨਦਾ ਹੈ। ਆਮ ਤੌਰ 'ਤੇ ਉਹ ਪ੍ਰਤੱਖਵਾਦੀ (**Positivist**) ਲਹਿਰ ਦਾ ਉਲੇਖ ਕਰਦਾ ਹੈ ... ਇਸ ਵਿਸ਼ਵਾਸ਼ ਕਰਕੇ ਕਿ ਵਿਗਿਆਨ 'ਯਥਾਰਥ ਦੀ ਸਹੀ ਨਕਲ' ਨਹੀਂ ਅਤੇ ... ਬਗੈਰ ਪਰਾ-ਭੌਤਿਕਤਾ ਤੇ ਅਨੁਭਵ ਦੀ ਕੈਦ ਤੋਂ ਅਗਾਂਹ ਗਿਆਂ, ਉਹ ਸਫਲਤਾ ਨਾਲ ਇਹਨਾਂ ਸਾਰਿਆਂ 'ਚੋਂ ਅਮਲੀ ਕਾਰਜਾ ਲਈ ਰੱਬ ਕੱਢਦਾ ਹੈ।

ਨਿਸਚਿਤ ਹੈ ਕਿ ਨੈਤਿਕ ਕੀਮਤਾਂ ਤੋਂ ਬਗੈਰ ਅਮਲੀ ਸਿੱਟਿਆਂ ਦਾ ਇਹ ਦਰਸ਼ਨ ਅਮਰੀਕਾ ਵਿਚ ਵਿਕਸਿਤ ਹੋਵੇਗਾ, ਕਿਉਂਕਿ ਉਹ ਸਥਾਨਿਕ ਲੋਕਾਂ ਦੇ ਖਾਤਮੇ ਤੇ ਅਫਰੀਕੀਆਂ ਦੀ ਗੁਲਾਮੀ 'ਤੇ ਟਿਕਿਆ ਹੈ। ਬੇਨੀਟੋ ਮੁਸੋਲਿਨੀ ਨੇ ਪਰਿਣਾਮਵਾਦ ਨੂੰ ਆਪਣੇ ਆਦਰਸ਼ ਵਜੋਂ ਮੰਨਿਆ ਹੈ : 'ਵਿਲੀਅਮ ਜੇਮਜ਼ ਦਾ ਪਰਿਣਾਮਵਾਦ ਮੇਰੇ ਰਾਜਨੀਤਕ-ਜੀਵਨ ਲਈ ਬੜਾ ਲਾਹੇਵੰਦ ਰਿਹਾ। ਜੇਮਜ਼ ਨੇ ਮੈਨੂੰ ਸਿਖਾਇਆ ਕਿ ਕਿਸੇ ਕਾਰਜ ਦੀ ਪਰਖ ਉਸਦੇ ਸਿੱਟੇ ਤੋਂ ਕਰਨੀ ਚਾਹੀਦੀ ਹੈ ਨਾ ਕਿ ਇਸਦੇ ਸਿੱਧਾਂਤਕ ਆਧਾਰ ਤੋਂ ਕਾਰਨ (**action**) ਵਿਚ ਵਿਸ਼ਵਾਸ਼ ਅਤੇ ਜੀਣ ਤੇ ਲੜਨ ਦਾ ਪੱਕਾ ਅਕੀਦਾ ਮੈਂ ਜੇਮਜ਼ ਤੋਂ ਹੀ ਸਿੱਖਿਆ ਜੋ ਕਾਫੀ ਹੱਦ ਤਕ ਫਾਸ਼ੀਵਾਦ ਦੀ ਸਫਲਤਾ ਦਾ ਕਾਰਨ ਸੀ। ਮੇਰੇ ਲਈ ਜ਼ਰੂਰੀ ਕੰਮ ਕਾਰਜ ਕਰਨਾ ਹੈ।"

ਇਤਿਹਾਸ ਦੀ ਪਰਿਣਾਮਵਾਦੀ ਦ੍ਰਿਸ਼ਟੀ ਵਤੀਰੇ ਵਿੱਚਲੇ ਉਹਨਾਂ ਝੁਕਾਵਾਂ ਦੀ ਸੁਰੱਖਿਆ ਦਵਾਰਾ ਸ੍ਵੈ-ਹਿਤਾਂ 'ਤੇ ਜ਼ੋਰ ਦੇਂਦੀ ਹੈ, ਜੋ ਮੁਨਾਫਾਖੋਰੀ ਨੂੰ ਸ਼ਹਿ ਦੇਂਦੇ ਹਨ। ਸ੍ਵੈ-ਹਿਤਾਂ ਦੇ ਕੁਝ ਕੁ ਪਰਿਣਾਮਵਾਦੀ ਅਧਾਰਾਂ ਦਾ ਵੇਰਵਾ ਹੇਠਾਂ ਦਿਤਾ ਜਾ ਰਿਹਾ ਹੈ :

1. ਕੋਈ ਮਨੁੱਖੀ ਅਨੁਭਵ ਨਿਰਪੇਖ ਨਹੀਂ ਹੈ। ਲੋਕ ਜੀਵਨ ਵਿਚ ਕੇਵਲ ਚੇਤਨਾ ਪ੍ਰਵਾਹ ਨੂੰ ਹੀ ਵੇਖਦੇ ਹਨ, ਜੋ ਸੁਭਾਵਿਕ, ਟੁੱਟਿਆ ਅਤੇ ਜਿਸ ਬਾਰੇ ਅਨੁਮਾਨ ਨਹੀਂ ਲਾਇਆ ਜਾ ਸਕਦਾ।
2. ਕੇਵਲ ਉਹੀ ਮਨੋਵਿਗਿਆਨਕ ਸਥਿਤੀ ਅਤੇ ਭਾਵਨਾਤਮਕ ਤੇ ਸਮਾਜੀ ਰਿਸ਼ਤੇ ਚੰਗੇ ਹਨ ਜੋ ਦੂਜੇ ਨੂੰ ਲੁਟ ਕੇ ਆਪ ਲਾਭ ਖੱਟਣ ਵਿਚ ਸਹਾਈ ਹੁੰਦੇ ਹਨ।
3. ਦੁਨੀਆਂ ਰਾਵਾਂ ਦਾ ਵਿਸ਼ੇ ਹੈ ਅਤੇ ਜੋ ਵੀ ਸ੍ਵੈ-ਹਿਤ ਪੂਰਦਾ ਹੈ ਜ਼ਾਇਜ਼ ਹੈ।
4. ਪਰਿਣਾਮਵਾਦੀ 'ਅਗੇ ਵਧੋ', 'ਫਸੋ ਨਾ', 'ਆਪ ਹੀ-ਮੌਜ ਕਰੋ' ਆਦਿ ਰਵੱਈਏ 'ਤੇ ਅਤੇ ਇਸ ਵਿਚਾਰ 'ਤੇ ਕਿ 'ਠੀਕ ਤੇ ਗਲਤ ਤਾਂ ਵਿਆਖਿਆ ਦਾ ਵਿਸ਼ਾ ਹੈ' ਜ਼ੋਰ ਦੇਂਦਾ ਹੈ।

ਪਰਿਣਾਮਵਾਦੀ ਲੇਖਕ ਜਮਾਤਾਂ ਦੇ ਫ਼ਰਕ ਨੂੰ ਧੁੰਧਲਾਉਂਦਾ ਹੈ ਤੇ ਲੋਕਾਂ ਨੂੰ ਸਫਲਤਾ ਤੇ ਅਸਫਲਤਾ ਦੇ

ਆਧਾਰ 'ਤੇ ਸਮੂਹਾਂ ਵਿਚ ਵੰਡਦਾ ਹੈ। ਲੋਕ ਜਾਂ ਤਾਂ ਮਿਹਨਤੀ ਹਨ ਜਾਂ ਆਲਸੀ; ਬੁੱਧੀਮਾਨ ਹਨ ਜਾਂ ਘਟ ਅਕਲ ਵਾਲੇ; ਮਿੱਥੇ ਹੋਏ ਟੀਚੇ ਵਾਲੇ ਜਾਂ ਉਲਝੇ ਹੋਏ; ਪ੍ਰਾਪਤੀ ਵਾਲੇ ਜਾਂ ਘੱਟ ਪ੍ਰਾਪਤੀ ਵਾਲੇ। ਵਿਹਾਰ ਦੇ ਇਹਨਾਂ ਗੁਣਾਂ ਕਰਕੇ ਹੀ ਵਿਕਸਿਤ ਤੇ ਅਵਿਕਸਿਤ, ਅਮੀਰ ਤੇ ਗਰੀਬ, ਅਗਾਂਹ ਵਧੂ ਤੇ ਪਰੰਪਰਾਗਤ, ਸਾਮਰਾਜਵਾਦੀ ਤੇ ਜਾਗਰਦਾਰੀ ਦੇਸ਼ ਦੇ ਵਖਰੇਵੇਂ ਨੂੰ ਦਰਸਾਇਆ ਜਾਂਦਾ ਹੈ। ਸਫ਼ਲਤਾ ਹੀ ਕਿਸੇ ਦੇ ਵਿਸ਼ਵਾਸਾਂ ਦੀ ਘਸਵੱਟੀ ਹੈ। ਅਸਫਲਤਾ ਕਿਸੇ ਮਨੁੱਖ ਜਾਂ ਕੌਮ ਦੀ ਗਲਤ ਦ੍ਰਿਸ਼ਟੀ ਨੂੰ ਪ੍ਰਗਟਾਉਂਦੀ ਹੈ :

> ਮੋਟੇ ਤੌਰ ਉਤੇ ਇਸ 'ਸਮਾਜਿਕ-ਆਰਥਿਕ ਗਰੀਬੀ ਦੇ ਚੱਕਰ' ਨੂੰ, ਭਾਵੇਂ ਉਹ ਨੀਗਰੋ, ਕਾਕੇਸ਼ੀ, ਪੂਰਬਵਾਸੀ ਜਾਂ ਸਪੇਨੀ-ਅਮਰੀਕੀ ਦੇ ਹੋਣ, ਖ਼ਤਮ ਕਰਨ ਵੱਲ ਪਹਿਲਾ ਕਦਮ ਹਰ ਟੋਲੀ ਅੰਦਰ ਮਾਣ ਦੀ ਭਾਵਨਾ ਪੈਦਾ ਕਰਨੀ ਹੈ ਕਿ ਉਹ ਕੀ ਹਨ। ਉਹਨਾਂ ਨੂੰ ਕਾਮਯਾਬ ਵਿਅਕਤੀਆਂ ਦੀਆਂ ਮਿਸਾਲਾ ਦੇਣੀਆਂ ਚਾਹੀਦੀਆਂ ਹਨ ਤਾਂ ਕਿ ਉਹ ਉਹਨਾਂ ਨੂੰ ਅਪਨਾਉਣ। ਸਮਾਜ ਵਿਚ ਇਹ ਵਿਚਾਰ ਵਿਕਸਿਤ ਕਰਨਾ ਚਾਹੀਦਾ ਹੈ ਕਿ ਸਾਰੇ ਮਨੁੱਖ ਭਾਵੇਂ ਉਹ ਕਿਸੇ ਵੀ ਨਸਲ, ਰੰਗ, ਪੰਥ ਜਾਂ ਆਰਥਿਕ ਸਥਿਤੀ ਦੇ ਹੀ ਕਿਉਂ ਨਾ ਹੋਣ, ਉਹਨਾਂ ਵਿਚ ਜਨਮਜਾਤ ਹੀ ਉਹੀ ਸਮਰੱਥਾ ਹੈ। ਉਹਨਾਂ ਵਿਚ ਇਹ ਭਾਵਨਾ ਭਰਨ ਦੀ ਲੋੜ ਹੈ ਕਿ ਬਰਾਬਰੀ ਸੰਭਵ ਹੈ।

ਪਰਿਣਾਮਵਾਦੀ ਫਲਸਫੇ ਅਨੁਸਾਰ ਵਿਅਕਤੀ ਤੇ ਕੌਮਾਂ ਇਕ-ਦੂਸਰੇ ਨਾਲ ਮੁਕਾਬਲੇ ਵਿਚ ਜੀਉਂਦੀਆਂ ਹਨ। ਜਿਹੜਾ ਵੀ ਜਿੱਤਦਾ ਹੈ, ਆਪਣੀ ਸਿਆਸੀ ਤਾਕਤ ਸਥਾਪਿਤ ਕਰ ਲੈਂਦਾ ਹੈ। ਜਮਾਤਾਂ ਨਹੀਂ, ਸਗੋਂ ਚਰਿਤਰ ਹੀ ਕਿਸੇ ਵਿਅਕਤੀ ਜਾਂ ਕੌਮ ਦੀ ਕਿਸਮਤ ਦਾ ਨਿਰਣਾ ਕਰਦੇ ਹਨ। ਇਹ ਤਰਕ ਸੋਧਵਾਦੀਆਂ ਨੂੰ ਬੜੇ ਰਾਸ ਆਉਂਦੇ ਹਨ। ਉਹਨਾਂ ਅਨੁਸਾਰ ਉਹਨਾਂ ਦਾ ਰਾਜ 'ਸਾਰੇ ਲੋਕਾਂ ਦਾ ਰਾਜ' ਹੈ ਅਤੇ ਉਹਨਾਂ ਨੇ ਜਮਾਤਾਂ ਤੇ ਜਮਾਤੀ ਘੋਲ ਖਤਮ ਕਰ ਦਿਤਾ ਹੈ।

ਜਮਾਤੀ ਘੋਲ ਵਿਚ ਪਏ ਆਪਣੇ ਕਿਰਦਾਰਾਂ ਦੇ ਸਮਾਜਿਕ ਤੇ ਰਾਜਨੀਤਕ ਅਨੁਭਵ ਨੂੰ ਪਰਿਣਾਮਵਾਦੀ-ਲੇਖਕ ਧੁੰਧਲਾਉਂਦੇ ਹਨ। ਮਨੁਖ ਆਪਣੇ ਚਰਿਤਰ ਦੇ ਬਲ 'ਤੇ ਸਮਾਜਿਕ ਪੌੜੀਆਂ 'ਤੇ ਚੜ੍ਹ-ਉੱਤਰ ਸਕਦਾ ਹੈ। ਉਨ੍ਹਾਂ ਦੇ ਸਮਾਜ ਵਿਚ ਵਿੱਚ ਇਸ ਗੱਲ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਉਤਪਾਦਨ ਦੇ ਵਸੀਲਿਆਂ ਦੀ ਮਾਲਕੀ ਵਿਅਕਤੀਗਤ ਹੈ ਤੇ ਭਾਵੇਂ ਲੋਕਾਂ ਦੀ ਲੁੱਟ-ਖਸੁੱਟ ਹੁੰਦੀ ਹੋਵੇ। ਪਰਿਣਾਮਵਾਦੀ ਸਵਰਗ ਵਿੱਚ ਬੇਰੁਜ਼ਗਾਰੀ, ਗਰੀਬੀ, ਕੰਗਾਲੀ ਤੇ ਅਨ ਪੜ੍ਹਤਾ ਨਹੀਂ ਹੁੰਦੀ। ਇਹ ਲੇਖਕ ਅਸਫ਼ਲਤਾ ਨੂੰ ਰਹੱਸ ਬਣਾ ਦੇਂਦੇ ਹਨ। ਘੱਟ-ਗਿਣਤੀ ਵਾਲੇ ਅਸਫਲਤਾ 'ਤੇ ਕਾਬੂ ਪਾਉਣ ਲਈ ਪਰਿਣਾਮਵਾਦ ਨੂੰ ਅਪਨਾ ਸਕਦੇ ਹਨ।

ਅਮਰੀਕੀਆਂ ਨੇ ਪਰਿਣਾਮਵਾਦੀ ਨਾਇਕ ਨੂੰ ਸਾਰੇ ਸੰਸਾਰ ਵਿਚ ਪ੍ਰਸਿਧ ਕਰ ਦਿਤਾ ਹੈ। ਉਹ ਦੇਸ਼ ਦੀ ਆਰਥਿਕਤਾ ਨੂੰ ਉਸਾਰਦਾ ਤੇ ਇਹ ਸੰਭਵ ਬਣਾਉਂਦਾ ਹੈ ਕਿ ਹਰ ਆਦਮੀ 'ਅਮੀਰ ਤੇ ਸੁਤੰਤਰ' ਹੋਵੇ।ਉਹ ਸਰਮਾਇਆ ਲਾਉਂਣ ਵਾਲਿਆਂ ਤੇ ਜ਼ੋਖਮ ਉਠਾਣ ਵਾਲਿਆਂ ਦੇ ਪੱਛਮ ਵੱਲ ਵਿਸਤਾਰ ਦੀ ਅਗਵਾਈ ਕਰਦਾ ਤੇ ਵੀਰਾਨ ਇਲਾਕੇ ਤੇ ਕਬਜ਼ਾ ਕਰਦਾ ਹੈ। ਉਸ ਦੇ ਨੈਤਿਕ ਉਪਕਾਰ ਜਮੀਨ ਤੇ ਲੋਕਾਂ ਦੀ ਲੁੱਟ ਦੇ ਫ਼ਾਇਦੇ ਤੋਂ ਅਗਾਂਹ ਨਹੀਂ ਤੁਰਦੇ। ਉਸਦੀ ਸੁਤੰਤਰਤਾ ਮਨੁਖੀ ਤੇ ਪ੍ਰਕਿਰਤਕ ਦੌਲਤ ਦੀ ਲੁੱਟ ਦਾ ਅਧਿਕਾਰ ਬਖਸ਼ਦੀ ਹੈ। ਸਮਝਿਆ ਜਾਂਦਾ ਹੈ ਕਿ ਅਮਰੀਕੀ ਸਾਹਿਤ ਵਿੱਚ ਪ੍ਰਮੁਖ, ਇਸ ਨਾਇਕ ਦੇ ਨਮੂਨੇ ਥੋੜੇ-ਵਿਸ਼ੇਸ਼ਾਧਿਕਾਰ ਪ੍ਰਾਪਤ ਘੱਟ-ਗਿਣਤੀ ਲੋਕਾਂ ਨੂੰ ਰਾਹੇ ਪਾਉਣ ਦਾ ਕੰਮ ਕਰਦਾ ਹੈ। ਜੇ ਅਮਰੀਕਾ ਜਾਂ ਕਨੇਡਾ ਵਿਚ ਰਹਿੰਦੇ ਪੂਰਬੀ ਭਾਰਤੀ, ਚੀਨੀ, ਕਾਲੇ ਤੇ ਹੋਰ ਲੋਕ ਪਰਿਣਾਮਵਾਦ 'ਤੇ ਅਮਲ ਕਰਨ ਤਾਂ ਉਹ ਖੁਸ਼ਹਾਲ ਹੋ ਜਾਣਗੇ। ਜੇ ਭਾਰਤ ਤੇ ਹੋਰਨਾਂ ਦੇਸਾਂ ਦੇ ਲੋਕ ਹਿੰਦੂ, ਸਿੱਖ, ਕਨਫੂਸ਼ੀ ਤੇ ਹੋਰਨਾਂ ਜਗੀਰੂ ਫਲਸਫ਼ਿਆਂ ਦੀ ਥਾਵੇਂ, ਪਰਿਣਾਮਵਾਦ ਨੂੰ ਅਪਨਾਉਣ ਤਾਂ ਉਹ ਆਪਣੇ ਆਪ ਨੂੰ ਆਧੁਨਿਕ ਬਣਾ ਸਕਦੇ ਹਨ। ਪਰਿਣਾਮਵਾਦੀਆਂ ਦੇ ਰਾਜਨੀਤਕ, ਆਰਥਿਕ ਤੇ ਸਮਾਜਿਕ ਪ੍ਰੋਗਰਾਮਾਂ ਵਿੱਚ ਆਧੁਨਿਕਤਾ ਦਾ ਬੋਲਬਾਲਾ ਹੈ ਨਾ ਕਿ ਇਨਕਲਾਬ ਦਾ। ਨਾ ਕੇਵਲ ਸਾਮਰਾਜਵਾਦੀਆਂ ਵਲੋਂ ਸਗੋਂ ਜਾਗੀਰਦਾਰਾਂ ਵਲੋਂ ਵੀ ਇਸ ਦੀ ਪ੍ਰਸ਼ੰਸਾ ਹੋ ਰਹੀ ਹੈ। ਉਹ ਸਾਰੇ ਸਫ਼ਲਤਾ ਦੇ ਰੱਬ ਦੀ ਪੂਜਾ ਕਰਦੇ ਹਨ ਤਾਂ ਕਿ ਉਤਪਾਦਨ ਦੇ

ਬੁਰਜੂਆ ਸੰਬੰਧਾਂ ਨੂੰ ਬਰਕਰਾਰ ਰੱਖਿਆ ਜਾ ਸਕੇ। ਭਾਵੇਂ ਪਰਿਣਾਮਵਾਦੀ ਵਿਗਿਆਨਕ ਤੇ ਪਰਾ-ਭੌਤਿਕ ਵਿਰੋਧੀ ਹੋਣ ਦਾ ਦਾਅਵਾ ਕਰਦੇ ਹਨ ਪਰ ਉਹਨਾਂ ਦਾ ਗਠਜੋੜ ਧਰਮ ਨਾਲ ਹੈ ਤਾਂ ਕਿ ਲੋਕਾਂ ਨੂੰ ਗੁਮਰਾਹ ਤੇ ਭੰਬਲ ਭੂਸੇ ਵਿਚ ਪਾਇਆ ਜਾ ਸਕੇ।

ਸਾਮਰਾਜਵਾਦ ਤੇ ਜਾਗੀਰਦਾਰੀ, ਪਰਿਣਾਮਵਾਦ ਤੇ ਧਰਮ, ਆਧੁਨਿਕਤਾ ਤੇ ਰੂੜੀਵਾਦਿਤਾ (obscurantism) ਇਹਨਾਂ ਪੁਰਾਣੇ ਵਿਰੋਧੀ ਜਾਪਣ ਵਾਲਿਆਂ ਨੇ ਪ੍ਰਗਤੀ ਤੇ ਗਿਆਨ, ਇਨਕਲਾਬ ਤੇ ਸਮਾਜਿਕ ਤਬਦੀਲੀ ਦੇ ਖ਼ਿਲਾਫ ਗਠਜੋੜ ਕਰ ਲਿਆ ਹੈ। ... ਪਰਿਣਾਮਵਾਦੀ ਨਾ ਤਾਂ ਗਰੀਬੀ ਤੇ ਦਮਨ ਦੂਰ ਕਰਨ ਦੇ ਯੋਗ ਹਨ ਅਤੇ ਨਾ ਹੀ ਇਹਨਾਂ ਦੀ ਹੋਂਦ ਨੂੰ ਮੰਨਣਾ ਚਾਹੁੰਦੇ ਹਨ। ਉਹ ਧਰਮ ਨਾਲ ਰਲਕੇ ਗਰੀਬਾਂ ਨੂੰ ਧਰਵਾਸ ਦੇਣੀ ਚਾਹੁੰਦੇ ਹਨ। ਸਾਮਰਾਜੀ, ਸਮਾਜੀ-ਸਾਮਰਾਜੀ ਤੇ ਜਗੀਰੂ ਸਭਿਆਚਾਰ ਵਿਚ. ਅਮੀਰ-ਗਰੀਬ, ਬਹੁਤ ਸਾਰੇ ਲੋਕਾਂ ਦੇ ਜੀਵਨ 'ਤੇ ਹਰ ਪ੍ਰਕਾਰ ਦੇ ਧਾਰਮਿਕ ਝੁਕਾਅ ਆਪਣਾ ਦਬਦਬਾ ਕਾਇਮ ਕਰਨਾ ਚਾਹੁੰਦੇ ਹਨ ਅਤੇ ਉਹਨਾਂ ਨੇ ਪ੍ਰਤਿਕਰਮ ਲਈ ਚੰਗੇ ਸਿੱਟੇ ਕੱਢੇ ਹਨ। ਸੋਧਵਾਦੀਆਂ ਨੇ ਵੀ ਧਰਮ 'ਚੋਂ ਪ੍ਰਗਤੀਵਾਦੀ ਲੱਛਣ ਲੱਭ ਲਏ ਹਨ ਤੇ ਆਪਣੀ ਪਹਿਲਾਂ ਵਾਲੀ ਦੋਸ਼ੀ ਸਥਿਤੀ ਨੂੰ ਬਦਲ ਲਿਆ ਹੈ। ਪ੍ਰਤੀਕਰਮ ਦੇ ਖਿਲਾਫ ਆਪਣੇ ਦਾਅਪੇਚ ਤੇ ਯੁੱਧ-ਨੀਤੀ ਨੂੰ ਵਿਕਸਿਤ ਕਰਨ ਲਈ ਉਹਨਾਂ ਪ੍ਰਾਚੀਨ ਧਰਮ ਗ੍ਰੰਥਾਂ ਦਾ ਅਧਿਅਨ ਕੀਤਾ ਹੈ। ਸੋਧਵਾਦੀਆਂ ਅਨੁਸਾਰ ਜਾ ਤਾਂ ਧਰਮ ਨੁਕਸਾਨਦੇਹ ਨਹੀਂ ਹੈ ਜਾਂ ਸਮਾਜਿਕ ਪਰਿਵਰਤਨ ਲਿਆਉਣ ਵਿਚ ਸਹਾਇਕ ਹੁੰਦਾ ਹੈ। ਉਹਨਾ ਦਾ ਵਿਚਾਰ ਹੈ ਕਿ ਲੋਕਾਂ ਨੂੰ ਮੰਦਰ ਜਾਣਾ ਚਾਹੀਦਾ ਹੈ, ਜੇ ਪ੍ਰਾਰਥਨਾ ਨਹੀਂ ਤਾਂ ਘਟੋ-ਘੱਟ ਮਿਲਵਰਤਨ ਕਰਨਾ ਚਾਹੀਦਾ ਹੈ। ਉਹ ਇਸਾਈ, ਮੁਸਲਿਮ, ਹਿੰਦੂ, ਸਿੱਖ ਆਦਿ ਧਾਰਮਿਕ ਗਰੁਪਾਂ ਵਲੋਂ ਰਾਜਨੀਤੀ ਵਿਚ ਕੀਤੀ ਬਹੁਤ ਜਿਆਦਾ ਦਖਲ ਅੰਦਾਜ਼ੀ ਬਾਰੇ ਚੁੱਪ ਰਹਿੰਦੇ ਹਨ।

ਸਾਹਿਤ ਵਿਚ ਵੀ, ਪਰਿਣਾਮਵਾਦ ਤੇ ਧਰਮ ਨੇ ਆਪਣੀ 'ਅੰਤਰਦ੍ਰਿਸ਼ਟੀ' ਨੂੰ ਜੋੜ ਲਿਆ ਹੈ। ਤਾਂ ਕਿ ਉਹ 'ਸੁਤੰਤਰਤਾ' ਤੇ 'ਵਿਅਕਤੀਵਾਦ' ਸੁਖਬੋਧ (euphoria) ਦੀ ਮਸਤੀ ਭਰੀ ਜਕੜ ਜਾਂ ਅਸੰਜਮ ਵੇਦਨਾ ਦੀਆਂ ਦਲਦਲਾਂ ਵਿਚ ਸਾਈਕੀ ਜਾਂ ਆਤਮਾ ਦੀਆਂ ਹਨੇਰੀਆਂ ਨੁੱਕਰਾਂ ਨੂੰ ਰੁਸ਼ਨਾਉਣ। ਇਹਨਾਂ ਅੰਤਰ ਦ੍ਰਿਸ਼ਟੀਆਂ ਦਾ ਸੰਬੰਧ ਪਰਿਣਾਮਵਾਦੀ ਸਰਗਰਮੀ ਜਾਂ ਧਾਰਮਿਕ ਸਮਝ ਦੀ ਵਿਸ਼ਾਲ ਵਿਵਧਤਾ ਨਾਲ ਹੈ। ਪਰਿਣਾਮਵਾਦ ਤੇ ਧਰਮ ਮਨੁੱਖੀ ਅਨੁਭਵ ਬਾਰੇ ਨਿਗਮਨੀ (a priori) ਅਨੁਮਾਨ ਤੋਂ ਤੁਰਦਾ ਹੈ ਤੇ ਘੱਟ-ਗਿਣਤੀ ਵਲੋਂ ਦਮਨ ਨੂੰ ਘਟਾਉਂਦਾ ਤੇ ਛੁਟਿਆਉਂਦਾ ਹੈ।

ਜਮਾਤੀ ਸਮਾਜ ਵਿਚ ਕੋਈ ਲੇਖਕ ਦਮਨ ਨਾਲ ਕਿਵੇਂ ਨਜਿੱਠਦਾ ਤੇ ਆਪਣੇ ਪਾਠਕ ਦੀ ਆਪਣੀ ਭੂਮਿਕਾ ਬਾਰੇ ਚੇਤਨਾ ਨੂੰ ਤਿਖੇਰਾ ਕਰਦਾ ਹੈ ? ਇਸ ਪ੍ਰਸ਼ਨ ਦਾ ਉੱਤਰ ਘੱਟ-ਗਿਣਤੀ ਵਾਲਿਆਂ; ਜਿਵੇਂ ਪੂਰਬੀ ਭਾਰਤੀ ਜਾਂ ਕਾਲੇ ਦੇ ਇਤਿਹਾਸ ਦਾ ਲੇਖਕ ਹੀ ਦੇ ਸਕਦਾ ਹੈ। ਹਾਲਾਂ ਕਿ ਉੱਤਰੀ ਅਮਰੀਕਾ ਵਿਚ ਇਹਨਾਂ ਦਾ ਇਤਿਹਾਸ ਬਹੁਤਾਂ ਜ਼ਿਆਦਾ ਵੱਖਰਾ ਹੈ, ਪਰ ਇਹਨਾਂ ਤੇ ਹੋਰ ਘੱਟ-ਗਿਣਤੀ ਲੋਕਾਂ ਦਾ ਏਕਾ ਦਮਨ ਦੀ ਸਾਂਝੀ ਸਮੱਸਿਆ ਕਰਕੇ ਹੀ ਹੁੰਦਾ ਹੈ। ਪਿਛਾਂਹ-ਖਿਚੂ ਇਸ ਸਾਂਝੇ ਅਨੁਭਵ ਨੂੰ ਧੁੰਧਲਾਉਣ ਤੇ ਗਲਤ ਢੰਗ ਨਾਲ ਪੇਸ਼ ਕਰਨ ਦਾ ਅੱਡੀ-ਚੋਟੀ ਦਾ ਜ਼ੋਰ ਲਾਉਂਦੇ ਹਨ ਅਤੇ ਅਮਰੀਕਾ ਜਾਂ ਕਨੇਡਾ ਦੇ ਸਮਾਜ ਅਨੁਕੂਲ ਢਾਲਣ ਦੀ ਉਲਝਵੀਂ ਪ੍ਰਕਿਆ ਵਿਚ ਬਦਲਦੇ ਹਨ। ਉਹ ਕਾਲੇ ਤੇ ਗੋਰਿਆਂ ਵਿਚੋਂ ਆਦਿ ਰੂਪੀ (archetypal) ਦੁਸ਼ਮਣ ਸਿਰਜਦੇ ਹਨ। ਕਾਲਾ ਨਾਇਕ ਆਪਣੀ ਬਰਾਦਰੀ ਦੀ ਪ੍ਰਤੀਨਿਧਤਾ ਕਰਦਾ ਹੈ ਤੇ ਗੋਰਾ ਖਲਨਾਇਕ ਆਪਣੀ ਦਾ : 'ਇਹਨਾਂ ਦਾ ਪਰਸਪਰ ਪ੍ਰਭਾਵ ਚੰਗੇ ਤੇ ਮਾੜੇ ਵਿਚਾਲੇ ਵਿਸ਼ਵ-ਵਿਆਪੀ ਸੰਘਰਸ਼ ਦੇ ਮੂਰਤ ਰੂਪ ਵਾਂਗ ਉੱਭਰਦਾ ਹੈ। ਅਮੂਰਤਤਾ ਦੇ ਇਸ ਪੱਧਰ 'ਤੇ ਦਮਨ ਅਦਿੱਖ ਹੋ ਜਾਂਦਾ ਹੈ ਅਤੇ ਵਿਸ਼ਵ-ਵਿਆਪੀ ਟੱਕਰ ਵਾਂਗ ਇਸ ਦੀ ਥਾਂ ਲੈ ਲੈਂਦਾ ਹੈ ਰਹੱਸਾਤਮਕ ਤੇ ਪਰਾ-ਭੌਤਿਕ ਵਿਚਾਰ ਰੂਪ।

ਘੱਟ-ਗਿਣਤੀ ਵਾਲਿਆਂ ਬਾਰੇ ਅਕਾਦਮਿਕ ਵਿਦਵਤਾ ਦੇ ਮੁੱਖ ਵਿਸ਼ਿਆਂ ਵਿਚੋਂ ਇਕ ਉੱਤਰੀ ਅਮਰੀਕਾ ਦੀ ਲੁੱਟੀ-ਪੁੱਟੀ ਘੱਟ-ਗਿਣਤੀ ਦੇ ਪਛਾਣ ਦੀ ਮੁਸ਼ਕਲ ਸਮਸਿਆ ਹੈ। ਇਤਿਹਾਸ ਦੇ ਵਿਦਿਆਰਥੀਆਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਚੇਤਨਾ ਵਾਂਗ ਜਮਾਤੀ ਸਮਾਜ ਵਿਚ ਮਨੁੱਖ ਦੀ ਪਛਾਣ ਉਸ ਦੀ ਸਮਾਜੀ ਸੱਤਾ ਨਾਲ ਨਿਸ਼ਚਿਤ ਹੁੰਦੀ

ਹੈ । ਪਰ ਵਿਦਵਾਨ ਇਸ ਨੂੰ ਨਕਾਰਦੇ ਹਨ ਤੇ ਮਨੁੱਖੀ ਪਛਾਣ ਨੂੰ ਉਤਪਤੀ, ਨਸਲ, ਕੌਮ ਜਾਂ ਆਤਮਾ ਸੰਬੰਧੀ ਕਾਰਨਾ ਨਾਲ ਜੋੜਦੇ ਹਨ । ਮਿਸਾਲ ਵਜੋਂ ਇਥੇ ਉਤਰੀ ਅਮਰੀਕਾ ਵਿਚ ਵੱਸਦੇ ਪੂਰਬੀ ਭਾਰਤੀ ਦੀ ਚਰਚਾ ਕਰ ਸਕਦੇ ਹਾਂ। ਵਿਦਵਾਨਾਂ ਨੇ ਇਸ ਮਸਲੇ ਨੂੰ ਹੱਥ ਪਾਇਆ, ਇਸ ਨੂੰ ਧੁੰਧਲਾਇਆ ਤੇ ਅਜੇਹੇ ਵਿਚਾਰ ਸੁਝਾਏ ਹਨ ਜੋ ਪੂਰਬੀ ਭਾਰਤੀ ਦੇ ਜੀਵਨ ਦੇ ਸਾਰੇ ਪੱਖਾਂ 'ਤੇ ਕੇਂਦਰਿਤ ਹਨ, ਪਰ ਦਮਨ ਦੇ ਖਿਲਾਫ ਲੰਮੇ ਘੋਲ ਤੇ ਨਹੀਂ । ਉਹ ਉਹਨਾਂ ਦੇ ਅਧਿਆਤਮਕ ਵਿਰਸੇ, ਉਹਨਾਂ ਦੇ ਪਛੜੇ ਰਿਵਾਜ, ਕੱਪੜੇ, ਭਾਸ਼ਾ ਤੇ ਖਾਣੇ, ਉਹਨਾਂ ਦੇ ਸਾਹਿਤ ਤੇ ਦਰਸ਼ਨ ਦਾ ਮੁਲੰਕਣ ਕਰਦੇ ਹਨ । ਉਹਨਾਂ ਨੇ ਅਜੇਹੇ ਰੂੜੀ ਬੱਧ ਮਨੁੱਖ ਦਾ ਨਿਰਮਾਣ ਕੀਤਾ ਹੈ ਜੋ ਅ-ਕਾਰਜਸ਼ੀਲ ਤੇ ਆਪੇ 'ਚ ਸਿਮਟਿਆ ਹੋਇਆ ਹੈ; ਜਿਹੜਾ ਪਰੰਪਰਾ ਦਾ ਗੁਲਾਮ ਤੇ ਬੇਵੱਸ ਹੈ; ਅਤੇ ਜਿਹੜਾ ਐਨਾ ਕੱਟੜ ਹੈ ਕਿ ਉੱਤਰੀ ਅਮਰੀਕਾ ਦੇ ਪਰਿਣਾਮਵਾਦੀ ਸਭਿਆਚਾਰ ਵਿਚ ਆਪਣੇ ਆਪ ਨੂੰ ਢਲਣ ਨਹੀਂ ਦੇਂਦਾ । ਬਹੁਤ ਸਾਰੇ ਲੇਖਕ ਭਾਰਤ 'ਚੋਂ ਆਏ ਪ੍ਰਵਾਸੀਆਂ ਨੂੰ ਰੰਗੀਨ ਇਲਾਕਾਈ ਜਾਂ ਕਬਾਇਲੀ ਸਭਿਆਚਾਰ ਦੇ ਨੁਮਾਇੰਦਿਆਂ ਦੇ ਤੌਰ ਤੇ ਲੈਂਦੇ ਹਨ ਅਤੇ ਉਹਨਾਂ ਦਾ ਵਿਸ਼ਲੇਸ਼ਣ ਇਲਾਕੇ ਦੀ ਸਮਾਜਿਕ ਤੇ ਧਾਰਮਿਕ ਵਿਸ਼ਿਸ਼ਟਤਾ ਮੁਤਾਬਕ ਕਰਦੇ ਹਨ । ਉਹ ਇਹਨਾਂ ਇਲਾਕਿਆਂ ਦੇ ਜਾਗੀਰੂ ਤੇ ਪਛੜੇ ਲਛਣਾਂ ਦੀ ਪ੍ਰਸੰਸਾ ਵਧਾ ਚੜ੍ਹਾ ਕੇ ਤੇ ਸਾਹਿਤ ਦਵਾਰਾ ਇਹਨਾਂ ਦੀ ਮਸ਼ਹੂਰੀ ਕਰਦੇ ਹਨ। ਅਮਰੀਕਾ ਤੇ ਕਨੇਡਾ ਵਿਚ ਸਰਕਾਰ ਦੀਆਂ ਕਈ ਏਜੰਸੀਆਂ ਪੂਰਬੀ ਭਾਰਤੀਆਂ ਨੂੰ ਪ੍ਰੇਰਦੀਆਂ ਹਨ ਕਿ ਉਹ ਆਪਣੇ ਸਭਿਆਚਾਰ ਨੂੰ ਸਾਂਭ ਕੇ ਰੱਖਣ ਤੇ ਆਪਣੀਆਂ ਭਾਰਤੀ ਕਹਾਣੀਆਂ, ਫਿਲਮਾਂ, ਸੰਗੀਤ, ਨਾਚ, ਧਰਮ ਤੇ ਖਾਣ ਪੀਣ ਦੇ ਸ਼ੌਕ ਨੂੰ ਵਿਕਸਿਤ ਕਰਨ । ਵਿਦੇਸ਼ਾਂ ਵਿਚ ਆਪਣੀ ਕਿਰਤ ਨੂੰ ਵੇਚਣ ਦੇ ਮਿਲੇ ਅਵਸਰ ਦੇ ਅਹਿਸਾਨ ਵਜੋਂ ਉਹਨਾਂ ਪ੍ਰਵਾਸੀਆ ਨੂੰ ਚਾਹੀਦਾ ਹੈ ਕਿ ਉਹ ਆਪਣੇ ਜਗੀਰੂ ਸਭਿਆਚਾਰ ਨੂੰ ਪ੍ਰਫੁੱਲਤ ਕਰਨ ਤੇ ਇੰਞ ਆਪਣੀ ਪਛਾਣ ਕਾਇਮ ਰੱਖਣ ।

ਭਾਵੇਂ ਭਾਰਤ ਤੋਂ ਆਏ ਪ੍ਰਵਾਸੀ ਦਮਨਕਾਰੀ ਤੇ ਨਸਲੀ ਸਮਾਜ ਵਿਚਲੇ ਆਪਣੇ ਅਨੁਭਵਾਂ ਬਾਰੇ ਲਿਖਣੋਂ ਝਿਜਕਦੇ ਜਾਪਦੇ ਹਨ, ਪਰ ਉਹਨਾਂ ਨੇ ਆਪਣੇ ਦਮਨ ਦਾ ਵਿਰੋਧ ਜ਼ੋਰ ਸ਼ੋਰ ਨਾਲ ਕੀਤਾ ਹੈ ਅਤੇ ਆਤਮ-ਸੁਰੱਖਿਆ ਲਈ ਨਸਲਵਾਦੀਆਂ ਦੇ ਹਮਲਿਆਂ ਦਾ ਟਾਕਰਾ ਕੀਤਾ ਹੈ । ਇਸ ਪਰੰਪਰਾ ਦੇ ਬਾਵਜੂਦ ਵੀ, ਕਈ ਮੰਨੇ ਪ੍ਰਮੰਨੇ ਲੇਖਕਾਂ ਨੇ ਪੂਰਬੀ ਭਾਰਤੀ ਨੂੰ ਦੱਬੂ, ਆਲਸੀ, ਰਾਜਨੀਤਕ ਤੌਰ 'ਤੇ ਅਕਾਰਜਸ਼ੀਲ ਤੇ ਖਾੜਕੂ ਪਰਿਣਾਮਵਾਦੀ ਦੇ ਰੂਪ ਵਿਚ ਚਿਤਰਿਆ ਹੈ । ਜਗੀਰੂ ਸਭਿਆਚਾਰ ਨੂੰ ਛੱਡੇ ਬਗੈਰ ਪ੍ਰਵਾਸੀ ਉਸ ਬਾਰੇ ਲਿਖਣਾ ਚਾਹੁੰਦਾ ਹੈ । ਜੇ ਉਹ ਸਫਲ ਹੁੰਦਾ ਹੈ ਤਾਂ ਬੁਰਜੁਆਜ਼ੀ ਪਰਿਣਾਮਵਾਦੀ ਨਜ਼ਰੀਏ ਦੀ ਸ਼ਲਾਘਾ ਕਰਦੀ ਹੈ । ਜੇ ਉਹ ਅਸਫਲ ਹੈ ਤਾਂ ਉਹ ਲੋਕ ਹੀ ਉਸਦੇ ਪਰੰਪਰਾਗਤ ਸਭਿਆਚਾਰ ਨੂੰ ਦੋਸ਼ੀ ਠਹਿਰਾਉਂਦੇ ਹਨ । ਜੇ ਨਸਲਵਾਦ ਹੁੰਦਾ ਹੈ ਤਾਂ ਰਾਜ ਉਸ ਦੀ ਰਾਖੀ ਕਰਦੀ ਹੈ, ਕਿ ਉਸ ਨੂੰ ਜੀਵਨ ਦੀਆਂ ਦਮਨਕਾਰੀ ਹਾਲਤਾਂ ਦੇ ਖਿਲਾਫ ਆਵਾਜ ਉਠਾਕੇ ਆਪਣੇ ਉਤੇ ਹਮਲਿਆਂ ਨੂੰ ਉਕਸਾਉਂਣਾ ਨਹੀਂ ਚਾਹੀਦਾ । ਪਰਿਣਾਮਵਾਦ ਨੂੰ ਹੀ ਸਾਰੇ ਦੁਖਾਂ ਦਾ ਚਾਰੂ ਸਮਝਿਆ ਜਾਂਦਾ ਹੈ ਜਿਹੜਾ ਦੁਖਾਂ ਨੂੰ ਦੂਰ ਕਰਦਾ ਹੈ ਤੇ ਮਨੁੱਖ ਨੂੰ ਮਾਣਯੋਗ ਬਨਾਉਂਦਾ ਹੈ ।

ਪੂਰਬੀ ਭਾਰਤੀ ਬਿਰਾਦਰੀ ਵਿਚ ਪਰਿਣਾਮਵਾਦ ਨੂੰ ਫੈਲਾਉਣਾ ਦਮਨ ਦੀ ਪਿੱਠ ਪੂਰਨੀ ਤੇ ਲੋਕਾਂ ਨੂੰ ਉਹਨਾਂ ਦੀ ਸ਼ਾਨਦਾਰ ਪਰੰਪਰਾਂ ਤੋਂ ਪਾਸੇ ਲਾਉਂਣਾ ਹੈ । ਕੁਝ ਵਿਦਵਾਨਾਂ ਦਾ ਵਿਚਾਰ ਹੈ ਕਿ ਪਰੰਪਰਾ ਨੂੰ ਤਿਆਗ ਦੇਣਾ ਹੈ ਕਿਉਂਕਿ ਭਾਰਤ ਹੁਣ ਬਸਤੀ ਨਹੀਂ ਰਿਹਾ । ਦੂਜਿਆਂ ਅਨੁਸਾਰ ਇਹ ਵਿਚਾਰ ਗਲਤ ਹੈ ਜਿਸਦੇ ਸ਼ਿਕਾਰ ਅਮਰੀਕਾ ਤੇ ਕਨੇਡਾ ਵਿਚ ਪੱਛਮੀ ਤਟ 'ਤੇ ਰਹਿੰਦੇ ਥੋੜੇ ਪ੍ਰਵਾਸੀਆਂ ਨੂੰ, 'ਪੁਰਾਣੇ ਹੋ ਚੁਕੇ' ਨਾਹਰਿਆਂ ਨੂੰ ਅਪਨਾ ਕੇ ਆਪਣੀ ਰੋਜੀ ਨੂੰ ਖਤਰੇ 'ਚ ਨਹੀਂ ਪਾਉਂਣਾ ਚਾਹੀਦਾ । ਇਸ ਪ੍ਰਚਾਰ ਉੱਤਰੀ ਅਮਰੀਕਾ ਦੇ ਸਾਰੇ ਘੱਟ-ਗਿਣਤੀ ਲੋਕਾਂ ਵਿਚ ਕੀਤਾ ਜਾ ਰਿਹਾ । ਇਸ ਦਾ ਮਕਸਦ ਲੋਕਾਂ ਨੂੰ ਕਿਸ ਗੱਲ ਦਾ ਵਿਸ਼ਵਾਸ ਦਵਾਉਣਾ ਹੈ ਕਿ ਉਹਨਾਂ ਦਾ ਸਭਿਆਚਾਰ ਹੀ ਉਹਨਾਂ ਦੀ ਪਛਾਣ ਹੈ । ਇਸ ਦੇ ਨਾਲ ਹੀ ਇਸ ਦਾ ਮਤਲਬ ਇਹ ਦੱਸਣਾ ਵੀ ਹੈ ਕਿ ਉਹਨਾਂ ਦੀਆਂ ਤਕਲੀਫ਼ਾਂ ਦੀ ਜੜ੍ਹ ਉਹਨਾਂ ਦਾ ਸਭਿਆਚਾਰ ਹੈ । ਇਹ ਮੰਨੇ-ਪਰਮੰਨੇ ਵਿਦਵਾਨ ਰਾਜਨੀਤੀ ਤੇ ਸਭਿਆਚਾਰ ਨੂੰ ਪਿਛਾਂਹ ਖਿਚੂ ਉਦੇਸ਼ ਲਈ ਇਕਠਾ ਕਰਦੇ ਹਨ । ਇਸੇ ਉਦੇਸ਼ ਲਈ ਉਹ ਇਹਨਾਂ ਨੂੰ ਅੱਡ ਵੀ ਕਰਦੇ ਹਨ । ਇਹੋ ਵਿਰੋਧਾਭਾਸੀ ਰਵੱਈਆ ਧਰਮ ਬਾਰੇ ਹੈ । ਧਰਮ ਨੂੰ ਰਾਜਨੀਤੀ ਤੋਂ ਪਾਸੇ ਰੱਖੋ । ਪ੍ਰਗਤੀਵਾਦੀ ਵਿਚਾਰਾਂ ਨੂੰ ਨਾ

ਮੰਨਣ ਤੇ ਬਦਨਾਮ ਕਰਨ ਲਈ ਧਰਮ ਦੀ ਵਰਤੋਂ ਕਰੋ। ਇਸ ਪਰਿਣਾਮਵਾਦੀ ਖਲ ਤੇ ਆਪਣੇ ਸੁਆਰਥ ਲਈ ਅੰਕਾ-ਪ੍ਰਸਤ ਢੋਂਗ ਦਾ ਮਤਲਬ ਲੋਕਾਂ ਨੂੰ ਸਮਾਜਿਕ ਤੇ ਬੌਧਿਕ ਰੂਪ ਵਿਚ ਨਕਾਰਾ ਕਰਨਾ ਹੈ।

ਉਤਰੀ ਅਮਰੀਕਾ ਤੇ ਹੋਰਨਾਂ ਦੇਸ਼ਾਂ ਵਿਚ, ਦਮਨ ਤੇ ਲੁੱਟ ਦੇ ਵਿਰੁਧ ਚਲ ਰਿਹਾ ਸੰਘਰਸ਼ ਹਰ ਘਟ-ਗਿਣਤੀ ਲੋਕਾਂ ਦੇ ਸਾਹਿਤ ਨੂੰ ਸਮਾਜਿਕ ਢਾਂਚਾ ਪ੍ਰਦਾਨ ਕਰਦਾ ਹੈ। ਬੁਨਿਆਦੀ ਮਸਲੇ ਤੇ ਝੁਕਾਅ ਉਹੋ ਹੀ ਹਨ ਕਿਉਂਕਿ ਹਰ ਘਟ-ਗਿਣਤੀ ਇਕੋ ਜਿਹੇ ਆਰਥਿਕ ਤੇ ਸਮਾਜਿਕ ਸਥਿਤੀ ਵਿਚ ਵਿਚਰਦੀ ਹੈ। ਕਾਲਿਆਂ ਤੇ ਹੋਰਨਾਂ ਘਟ-ਗਿਣਤੀ ਵਾਲਿਆਂ ਵਿਚ ਲਗਾਤਾਰ ਵਧ ਰਹੀ ਏਕਤਾ ਕਰਕੇ ਬੁਰਜੁਆਜੀ ਨੇ ਆਪਣੀ ਸਥਿਤੀ ਦੇ ਬਚਾਅ ਲਈ ਕਈ ਸੁਧਾਰਵਾਦੀ ਤੇ ਦਹਿਸ਼ਤ-ਪਸੰਦ ਲਹਿਰਾਂ ਚਲਾ ਰਖੀਆਂ ਹਨ। ਸੁਧਾਰਵਾਦ ਤੇ ਦਹਿਸ਼ਤ-ਪਸੰਦੀ ਦਾ ਬਦਲ ਵਿਸ਼ੇਸ਼ ਰੂਪ ਵਿਚ ਪੈਟੀ-ਬੁਰਜੂਆ ਆਦਰਸ਼ਵਾਦ ਨੂੰ ਭਾਉਂਦਾ ਹੈ। ਜਦੋਂ ਉਹ ਦਮਨ ਤੇ ਗਰੀਬੀ ਨੂੰ ਖ਼ਤਮ ਕਰਨ ਵਿਚ ਅਸਫਲ ਰਹਿੰਦੇ ਹਨ ਤਾਂ ਆਪਣੀ ਸੁਧਾਰਵਾਦੀ ਤੇ ਦਹਿਸ਼ਤ-ਪਸੰਦ ਸਰਗਰਮੀਆਂ ਹੋਰ ਤਿੱਖੀਆਂ ਕਰ ਦੇਂਦੇ ਹਨ ਤੇ ਇਕ ਵੇਰ ਉਹੋ ਹੀ ਦੁਹਰਾਉਂਦੇ ਹਨ। ਪਰਿਣਾਮਵਾਦੀ ਸੁਧਾਰਵਾਦ ਤੇ ਦਹਿਸ਼ਤ-ਪਸੰਦੀ ਦੀ ਪ੍ਰਸੰਸਾ ਕਰਦੇ, ਇਸ ਨੂੰ ਧਰਮ ਦੇ ਨਾਲ ਘਟ ਗਿਣਤੀ ਦੇ ਲੋਕਾਂ ਲਈ ਇਕ ਮਾਤਰ ਅਮਲ ਯੋਗ ਆਦਰਸ਼ ਦਸਦੇ ਹਨ। ਬੁਨਿਆਦੀ ਦਾਅ-ਪੇਚ ਤਾਂ ਘਟ-ਗਿਣਤੀ ਵਾਲਿਆਂ ਵਲੋਂ ਦਮਨ ਦੇ ਖਾਤਮੇਂ ਲਈ ਕੀਤੀਆਂ ਕੋਸ਼ਿਸ਼ਾਂ ਨੂੰ ਖਿੰਡਾਉਣਾ ਤੇ ਤਬਾਹ ਕਰਨਾ ਹੈ।

ਇਥੇ ਕੁਝ ਵਿਸ਼ਿਆਂ ਦੀ ਆਂਸ਼ਕ ਸੂਚੀ ਦਿਤੀ ਜਾਂਦੀ ਹੈ ਜੋ ਖਾੜਕੂਆਂ ਨੂੰ ਸ਼ਾਂਤ ਕਰਨ ਤੇ ਹਰਾਉਣ ਲਈ ਕਾਲਿਆਂ ਦੇ ਸਾਹਿਤ ਵਿਚ ਉੱਭਰ ਆਏ ਹਨ। ਇਹਨਾਂ ਵਿਚੋਂ ਇਕ ਵਿਸ਼ਾ ਠੋਸ ਰਾਜਨੀਤਕ ਦਮਨ ਦਾ ਹਲ ਅਮੂਰਤ ਮਨੁਖਤਾ ਦੀ ਦੁਰਦਸ਼ਾ ਵਿਚ ਕਰਦਾ ਹੈ।... ਕੁਝ ਲੇਖਕ ਕਾਲੇ ਅਮਰੀਕੀਆਂ ਨੂੰ ਗੋਰਿਆਂ ਦੇ ਪ੍ਰਤੀਕਰਮਾਂ ਦੇ ਸਮੂਹ ਦੇ ਰੂਪ ਵਿਚ ਹੀ ਚਿਤਰਦੇ ਹਨ। ਦੂਸਰੇ ਅਫਰੀਕੀ-ਅਮਰੀਕੀ-ਅਮਰੀਕੀ ਬਗਾਵਤ ਨੂੰ ਵਿਅਕਤੀਵਾਦੀ ਸ਼ਬਦਾਵਲੀ ਵਿਚ ਪ੍ਰਗਟਾਉਂਦੇ ਹਨ। – ਕਈ ਹੋਰ ਸ਼ਾਨਦਾਰ ਅੱਡਰੇ ਹੌਂਸਲੇ ਦਾ ਪ੍ਰਚਾਰ ਕਰਦੇ ਹਨ। – ਕੁਝ ਲੇਖਕਾਂ ਅਨੁਸਾਰ ਕਾਲਾ ਹਮੇਸ਼ਾ ਪਤਿਤ ਵਿਅਕਤੀਵਾਦ ਨੂੰ ਹੀ ਅਪਨਾਉਂਦਾ ਹੈ।... ਕਈ ਕਹਾਣੀਆਂ ਸਹਿਯੋਗ ਦੀ ਵਿਵਹਾਰਿਕ ਨੈਤਿਕਤਾ ਦੀ ਸਿਫਾਰਸ਼ ਕਰਦੀਆਂ ਹਨ।... ਅਖੀਰ, ਖੁੱਲਮ ਖੁੱਲ੍ਹਾ ਪਿਛਾਂਹ-ਖਿੱਚੂ ਤੇ ਕਮਿਊਨਿਸਟ-ਵਿਰੋਧੀ ਵਿਸ਼ੇ ਹਨ, ਜਿਨ੍ਹਾਂ ਦੀ ਕਈ ਕਾਲੇ ਲਿਖਾਰੀਆਂ ਨੇ 1930ਵਿਆਂ ਤੋਂ ਬਾਅਦ ਛਾਣ-ਬੀਨ ਕੀਤੀ ਹੈ।

ਇਹ ਕਾਲੇ ਲੋਕਾਂ ਦੀਆਂ 'ਵਿਗੜੀਆਂ ਤੇ ਵਿਕਰਿਤ' ਸ਼ਖ਼ਸੀਅਤਾਂ ਨੂੰ, ਜੋ ਆਤਮਕ ਖਲਾਅ 'ਚ ਹਨ, ਚਿਤਰਦੇ ਹਨ। ਉਹ ਲੋਕ ਕਿਸੇ ਸਿਧਾਂਤ ਤੇ ਕਿਸੇ ਵੀ ਵਿਚਾਰਧਾਰਾ ਨੂੰ, ਜੋ ਉਹਨਾਂ ਦੀ ਲੋੜ ਪੂਰੀ ਕਰੇ, ਅਪਣਾ ਲੈਂਦੇ ਹਨ। ਉਹਨਾਂ ਨੂੰ ਪਤਾ ਬਾਅਦ ਵਿਚ ਚਲਦਾ ਹੈ ਕਿ ਉਹਨਾ ਨੂੰ ਵਰਤਿਆ, ਬਦਨਾਮ ਕੀਤਾ ਤੇ ਹਮੇਸ਼ਾਂ ਲਈ ਨਕਾਰਾ ਕੀਤਾ ਜਾ ਰਿਹਾ ਹੈ। ਵਿਸ਼ੇਸ਼ ਤੌਰ ਤੇ ਇਹ ਮਧ ਵਰਗ ਨੂੰ ਆਪਣੇ ਵਲ ਖਿਚਦੀ ਹੈ ਜੋ ਅਨੁਭਵ ਦੇ ਵਿਸ਼ਵ-ਵਿਆਪੀ ਪ੍ਰਤੀਮਾਨ ਵਿਚੋਂ ਅੰਤਰ-ਦ੍ਰਿਸ਼ਟੀਆਂ ਦੀ ਆਪਣੀ ਭਾਲ ਵਿਚ ਮੌਲਿਕਤਾ ਤੇ ਗਹਿਰਾਈ ਦੀ ਤਲਾਸ਼ ਵਿਚ ਹੁੰਦੇ ਹਨ।

ਕਾਲਿਆਂ ਤੇ ਹੋਰਨਾਂ ਘਟ-ਗਿਣਤੀ ਦੇ ਲੋਕਾਂ ਦੇ ਸਾਹਿਤ ਵਿਚ ਇਹਨਾ ਤੇ ਹੋਰਨਾਂ ਵਿਸ਼ਿਆਂ ਦਾ ਮੂਲ ਸੋਮਾਂ ਪਰਿਣਾਮਵਾਦ ਹੈ, ਜਿਸ ਦਾ ਧਰਮ ਨਾਲ ਗਠਜੋੜ ਹੈ। ਪਰਿਣਾਮਵਾਦ ਤੇ ਧਰਮ ਦੇ ਕੁਝ ਪੈਰੋਕਾਰ ਤਾਂ ਇਹ ਵੀ ਕਹਿੰਦੇ ਹਨ ਕਿ ਇਸ ਦਾ ਸੁਭਾਅ ਗੈਰ-ਸਿਆਸੀ ਤੇ ਇਸ ਦੀ ਵਰਤੋਂ ਹਰ ਕੋਈ ਕਰ ਸਕਦਾ ਹੈ ਭਾਵੇਂ ਉਸ ਦੀ ਵਰਗ-ਸਥਿਤੀ ਕੁਝ ਵੀ ਕਿਉਂ ਨਾ ਹੋਵੇ। ਗਲਤ ਧਾਰਨਾ ਦੀਆਂ ਮਿਸਾਲਾਂ ਕਾਲਿਆਂ, ਪੂਰਬੀ ਭਾਰਤੀਆਂ ਤੇ ਹੋਰਨਾਂ ਘਟ-ਗਿਣਤੀ ਦੇ ਲੋਕਾਂ ਦੇ ਸਾਹਿਤ 'ਚੋਂ ਲੱਭੀਆਂ ਜਾ ਸਕਦੀਆਂ ਹਨ।

ਘਟ-ਗਿਣਤੀ ਦੇ ਲੋਕਾਂ ਦੇ ਲੇਖਕ ਵਿਚਲੇ ਮਸਲਿਆਂ ਤੇ ਝੁਕਾਵਾਂ ਦਾ ਸਾਧਾਰਨ ਸਰਵੇਖਣ ਇਸ ਗੱਲ 'ਤੇ ਜ਼ੋਰ ਦੇਂਦਾ ਹੈ ਕਿ ਪਰਿਣਾਮਵਾਦ ਤੇ ਧਰਮ ਨੂੰ ਅਨੇਕ ਰੂਪਾਂ ਵਿਚ ਅਪਨਾਉਂਦੇ ਵੱਖ ਵੱਖ ਲੇਖਕਾਂ ਦਾ ਅਧਿਅਨ ਤੇ ਵਿਸ਼ਲੇਸ਼ਣ ਮਹੱਤਵ ਪੂਰਨ ਹੈ। ਇਹਨਾਂ ਝੁਕਾਵਾਂ ਦੀਆਂ ਵਿਸ਼ੇਸ਼ ਮਿਸਾਲਾਂ ਦਾ ਵਿਸਤਾਰ ਨਾਲ ਵਿਸ਼ਲੇਸ਼ਣ ਕਰਨਾ ਤੇ ਉਨ੍ਹਾਂ ਦੇ ਨੁਕਸਾਨ-ਦੇਹ ਪ੍ਰਭਾਵ ਤੋਂ ਲੋਕਾਂ ਨੂੰ ਜਾਣੂ ਕਰਾਉਣਾ ਚਾਹੀਦਾ ਹੈ। ਪ੍ਰਗਤੀਵਾਦੀ ਲੇਖਕਾਂ ਨੂੰ ਚਾਹੀਦਾ ਹੈ ਕਿ ਉਹ ਕਵਿਤਾ, ਕਹਾਣੀਆਂ, ਨਾਵਲਾਂ ਤੇ ਨਾਟਕਾਂ ਵਿਚ ਦੱਬੇ-ਕੁਚਲੇ ਲੋਕਾਂ ਦੇ ਚੇਤਨ ਤਾਕਤ ਵਿਚ ਰੁਪਾਂਤਰਣ ਅਤੇ ਮਰਜ਼ੀ ਨਾਲ ਨੇਮਰਹਿਤ ਕੀਤੇ ਕਾਰਜ ਤੋਂ ਸੰਗਠਿਤ ਸਿਆਸਤ ਦੇ ਰੂਪ ਵਿਚ ਵਿਕਾਸ ਦੀ ਪ੍ਰਕ੍ਰਿਆ ਨੂੰ ਪ੍ਰਗਟਾਉਣ। ਬਹੁਤਾ ਮਹੱਤਵ ਜਮਾਤੀ ਘੋਲ ਦਵਾਰਾ ਰੁਪਾਂਤਰਣ ਦੀ ਪ੍ਰਕ੍ਰਿਆ 'ਤੇ ਹੋਵੇ। ਪਾਤਰਾਂ ਨੂੰ ਰੂਪਾਂਤਰਣ ਦੀ ਪ੍ਰਕ੍ਰਿਆ ਨਾਲੋਂ ਵਖ ਕਰਨ ਦਾ ਅਰਥ ਜਮਾਤੀ ਸਮਾਜ ਵਿਚਲੇ ਉਹਨਾਂ ਦੇ ਅਨੁਭਵ ਨੂੰ ਤੋੜਨਾ-ਮਰੋੜਨਾ ਤੇ ਰੋਕਣਾ ਹੈ।

[ ਅਨੁ: ਸਾਬਿੰਦਰਜੀਤ ਸਾਗਰ ]

ਪਾਕਿਸਤਾਨੀ ਕਹਾਣੀ

# ਜੁੱਤੀ

ਅਹਿਮਦ ਨਦੀਮ ਕਾਸਮੀ

ਕਰਮੂ ਇਕ ਕਵਾਲੀ-ਪਾਰਟੀ ਵਿਚ ਵਰ੍ਹਿਆਂ-ਬੱਧੀ ਤਾੜੀ ਵਜਾ-ਵਜਾ ਕੇ ਤਾਲ ਦੇਂਦਾ ਰਿਹਾ। ਫਿਰ ਅਵਾਜ਼ ਕਢਣੀ ਵੀ ਸਿਖ ਗਿਆ। ਪਿਛੋਂ ਉਠ ਕੇ ਅਗੇ ਆ ਗਿਆ ਅਤੇ ਵਡੇ ਕਵਾਲ ਦੇ ਗੋਡਿਆਂ ਨਾਲ ਗੋਡੇ ਜੋੜ ਕੇ ਬਹਿਣ ਲੱਗ ਪਿਆ। ਤਦ ਵੱਡੇ ਕਵਾਲ ਨੂੰ ਚਿੰਤਾ ਹੋਈ ਕਿ ਕਿਤੇ ਮੇਰੇ ਤੋਂ ਵੀ ਅਗੇ ਨਾ ਨਿਕਲ ਜਾਵੇ। ਇਸ ਲਈ ਉਸ ਨੇ ਕਰਮੂ ਨੂੰ ਚਲਦਾ ਕਰ ਦਿਤਾ। ਕਰਮੂ ਦੀ ਅਵਾਜ਼ ਤਾਂ ਆਮ-ਜਿਹੀ ਸੀ ਪਰ ਉਸ ਨੇ ਕਵਾਲੀ ਦੇ ਗੁਰ ਸਿੱਖ ਲਏ ਸਨ ਤੇ ਹਾਰਮੋਨੀਅਮ ਦੀ ਆਵਾਜ਼ ਵਿਚ ਆਪਣੀ ਅਵਾਜ਼ ਲੁਕਾ ਲੈਣ ਦਾ ਕਮਾਲ ਹਾਸਲ ਕਰ ਲਿਆ ਸੀ। ਉਸ ਨੇ ਆਪਣੀ ਕਵਾਲੀ-ਪਾਰਟੀ ਅੱਡ ਬਣਾ ਲਈ ਤੇ ਮੇਲਿਆਂ ਅਤੇ ਵਿਆਹ-ਸ਼ਾਦੀਆਂ ਤੇ ਗੌਂਦਾ ਰਿਹਾ। ਆਪਣਿਆਂ ਤਿੰਨਾਂ ਬੱਚਿਆਂ ਨੂੰ ਪੜ੍ਹਾਉਂਦਾ ਰਿਹਾ। ਦਰਅਸਲ ਉਹ ਵੱਡੇ ਕਵਾਲ ਨਾਲ ਕਈ ਸ਼ਹਿਰ ਘੁੰਮਿਆ ਸੀ ਜਿਸ ਕਰਕੇ ਉਸ ਮਹਿਸੂਸ ਕੀਤਾ ਕਿ ਜੇ ਉਸ ਨੇ ਆਪਣੇ ਬੱਚਿਆਂ ਨੂੰ ਤਾਲੀਮ ਨਾ ਦਿੱਤੀ ਤਾਂ ਉਹ ਵੀ ਆਪਣੇ ਪਿਉ-ਦਾਦੇ ਵਾਂਗ ਸ਼ਹਿਨਾਈਆਂ ਵਜਾਉਂਦੇ ਰਹਿਣਗੇ ਤੇ ਦੂਸਰੇ ਲੋਕਾਂ ਸਾਹਮਣੇ ਨਿਤਾਣੇ ਰਹਿਣਗੇ।

ਜਦੋਂ ਉਸ ਆਪਣੇ ਤਿੰਨਾਂ ਬੱਚਿਆ ਨੂੰ ਸਕੂਲ ਵਿਚ ਦਾਖ਼ਲ ਕਰਵਾਇਆ ਸੀ ਤਾਂ ਸਾਰੇ ਪਿੰਡ ਨੂੰ ਜਿਵੇਂ ਸੱਪ ਹੀ ਸੁੰਘ ਗਿਆ ਹੋਵੇ। ਲੋਕ ਕਹਿੰਦੇ ਸਨ ਕਿ ਹਜ਼ਰਤ ਆਦਮ ਦੇ ਅਸਮਾਨ ਤੋਂ ਜ਼ਮੀਨ ਤੇ ਉਤਰਨ ਤੋਂ ਲੈ ਕੇ ਹੁਣ ਤਕ ਦਾ ਇਹ ਪਹਿਲਾ ਮਰਾਸੀ ਹੈ ਜਿਸ ਨੂੰ ਆਪਣੇ ਬੱਚਿਆਂ ਨੂੰ ਤਾਲੀਮ ਦੇਣ ਦੀ ਸੁਝੀ। ਚੌਧਰੀ ਨੇ ਉਸ ਨੂੰ ਦਾਰੇ ਤੇ ਬੁਲਾਇਆ ਤੇ ਡਾਂਟ ਪਾਈ, "ਸ਼ਰਮ ਕਰ ਕਰਮੂ! ਮਰਾਸੀ ਹੋ ਕੇ ਆਪਣੇ ਬੱਚਿਆਂ ਨੂੰ ਪੜ੍ਹਾਉਂਦਾ ਏ? ਕੀ ਵਿਆਹ-ਸ਼ਾਦੀ ਵਿਚ ਲੋਕ ਇਹਨਾਂ ਤੋਂ ਢੋਲ-ਸ਼ਹਿਨਾਈ ਦੀ ਥਾਂ ਕਤਾਬ-ਸੁਣਨਗੇ? ਕਿਉਂ ਖ਼ਾਨਦਾਨੀ ਪੇਸ਼ੇ ਦੀ ਨਾਸ ਮਾਰਨ ਲੱਗਾਂ?"

ਕਰਮੂ ਇਹ ਸਭ ਸੁਣ ਕੇ ਚੁੱਪ ਚਾਪ ਮੁਸਕਰਾਉਂਦਾ ਰਿਹਾ। ਚੌਧਰੀ ਦੀ ਇਸ ਡਾਂਟ ਤੇ ਕਿ ਹੁਣ ਕੁ... ਬਕ ਵੀ, ਉਸ ਨੇ ਕਿਹਾ, "ਇਕਬਾਲ ਬੁਲੰਦ! ਉਮਰ ਭਰ ਦਾਲ-ਸਾਗ ਖਾਣ ਵਾਲੇ ਦਾ ਕਦੀ ਮੁਰਗੇ ਬ... ਖਾਣ ਨੂੰ ਜੀ ਕਰਦਾ ਹੈ।"

ਕਰਮੂ ਨੇ ਕਵਾਲੀ ਦੇ ਨਾਂ ਤੇ ਚੀਕਾਂ ਮਾਰ ਮਾ... ਕੇ ਪੈਸਾ ਪੈਸਾ ਇਕੱਠਾ ਕੀਤਾ ਤੇ ਬੱਚਿਆਂ ਨੂੰ ਪੜ੍ਹ... ਦਿਆ। ਗਰਮੀਆਂ ਦੀਆਂ ਛੁਟੀਆਂ ਵਿਚ ਪਿੰਡ ਪ... ਨਹੀਂ ਕੀ ਪੜ੍ਹਕੇ ਆਉਂਦੇ ਸਨ ਕਿ ਮਰਾਸੀ ਹੋਣ ... ਸ਼ਰਮਾਉਂਦੇ ਬਿਲਕੁਲ ਨਹੀਂ ਸਨ, ਸਗੋਂ ਕਹਿੰਦੇ ਸਨ, "ਠੀਕ ਹੈ ਅਸੀਂ ਕਰਮੂ ਦੇ ਬੱਚੇ ਹਾਂ, ਪਰ ਚੌਧਰੀ ... ਸਾਡੀ ਪੀੜ੍ਹੀ ਵੀ ਤਾਂ ਹਜ਼ਰਤ ਆਦਮ ਨਾਲ ਮਿਲ... ਹੈ।"

ਫਿਰ ਇਹ ਮੁੰਡੇ ਓਧਰ ਲਾਹੌਰ, ਕਾਲਾ ਸ਼ਾਹ ਕਾ... ਤੇ ਫ਼ੈਸਲਾਬਾਦ ਵੱਲ ਮਿਲਾਂ ਵਿਚ ਨੌਕਰ ਹੋ ਗਏ ... ਬਾਪੂ ਨੂੰ ਹਰ ਮਹੀਨੇ ਐਨੇ ਪੈਸੇ ਭੇਜਣ ਲੱਗੇ ਕਿ ਕਰ... ਆਪਣੀ ਕਵਾਲੀ-ਪਾਰਟੀ ਛੱਡ ਕੇ ਪਿੰਡ ਹੀ ਰਹਿ... ਲੱਗ ਪਿਆ। ਉਹ ਸਾਫ਼-ਸੁਥਰੇ ਕਪੜੇ ਪਾਉਣ ਲ... ਤੇ ਖੈਰਾਤ ਦੇਣ ਲੱਗਾ। ਫਿਰ ਇਕ ਸਾਲ ਤਾਂ ਉ... ਨੇ ਜ਼ਕਾਤ (ਦਸਵੰਧ) ਤਕ ਕਢਿਆ। ਚੌਧਰੀ ... ਸੁਣਿਆ ਤਾਂ ਐਨਾ ਹੱਸਿਆ ਕਿ ਅੱਖਾਂ 'ਚੋਂ ਪਾ... ਨਿਕਲ ਆਇਆ, "ਹਰਾਮ ਦੀ ਔਲਾਦ!" ਉਸ ... ਕਿਹਾ, "ਕਮੀਨਾ ਕਿਤੋਂ ਦਾ! ਵੇਖ ਲੈਣਾ ਲੋਕੋ, ਸਾ... ਦੋ-ਸਾਲ ਤਕ ਖੁਦ ਖੈਰਾਤ ਮੰਗਣ ਨਿਕਲ ਪਵੇਗਾ ... ਜੇ ਉਸ ਸਮੇਂ ਤਕ ਕਿਆਮਤ ਨਾ ਆ ਗਈ ਤਾਂ ... ਇਕ ਮਰਾਸੀ ਜਦੋਂ ਜਕਾਤ ਦੇਣ ਤਾਂ ਸਮਝੋ ਪਰ...

ਆਉਣ ਵਾਲੀ ਹੈ।" ਚੌਧਰੀ ਫਿਰ ਹੱਸਣ ਲਗਾਂ, ਜਿਵੇਂ ਰੋਣ ਲੱਗਾ ਹੋਵੇ।

ਕਿਸੇ ਨੇ ਕਰਮੂ ਨੂੰ ਚੌਧਰੀ ਦੀ ਇਹ ਗੱਲ ਦੱਸੀ, ਤਾਂ ਉਹ ਬੋਲਿਆ, "ਚੌਧਰੀ ਕਿਉਂ ਨਰਾਜ਼ ਹੋ ਰਿਹਾ ਹੈ। ਉਸ ਨੂੰ ਤਾਂ ਜਕਾਤ ਨਹੀਂ ਭਿਜਵਾਈ। ਉਸ ਨੂੰ ਵੀ ਭੇਜਦਾ, ਪਰ ਅਜੇ ਹੱਕ ਨਹੀਂ ਬਣਦਾ ਉਸ ਦਾ। ਹਲੀ-ਹੌਲੀ ਹੱਕਦਾਰ ਹੋ ਜਾਵੇਗਾ। ਜ਼ਮਾਨਾ ਬਦਲ ਰਿਹਾ ਹੈ।"

ਜਿਨ੍ਹਾਂ ਲੋਕਾਂ ਕਰਮੂ ਨੂੰ ਚੌਧਰੀ ਦੀ ਗੱਲ ਦੱਸੀ ਸੀ। ਉਨ੍ਹਾਂ ਲੋਕਾਂ ਕਰਮੂ ਦੀ ਗਲ ਚੌਧਰੀ ਨੂੰ ਦੱਸਣੀ ਜ਼ਰੂਰੀ ਸਮਝੀ। ਉਸ ਸਮੇਂ ਚੌਧਰੀ ਸ਼ਰਬਤ ਪੀ ਰਿਹਾ ਸੀ। ਇਹ ਗਲ ਸੁਣੀ ਤਾਂ ਉਸ ਨੂੰ ਗੋਤਾ ਆ ਗਿਆ ਅਤੇ ਸ਼ਰਬਤ ਉਸ ਦੀਆਂ ਨਾਸਾਂ ਵਿਚੋਂ ਵੱਗਣ ਲਗ ਪਿਆ।

ਇਕ ਦਿਨ ਕਰਮੂ ਗਲੀ ਵਿਚ ਬੈਠਾ ਲੋਕਾਂ ਨਾਲ ਗੱਪਾ ਮਾਰ ਰਿਹਾ ਸੀ ਗੱਲਾਂ-ਗੱਲਾਂ ਵਿਚ ਕਹਿ ਬੈਠਾ, "ਮੈਂ ਮਰਾਸੀ ਹਾਂ, ਪਰ ਤਿੰਨ ਬਾਬੂ ਲੋਕਾਂ ਦਾ ਬਾਪ ਹਾਂ। ਇਸ ਲਈ ਜੀ ਕਰਦਾ ਹੈ, ਇਥੇ ਗਲੀ ਵਿਚ ਬਹਿਣ ਨਾਲੋਂ ਇਕ ਪੱਕੀ ਬੈਠਕ ਬਣਵਾ ਲਵਾਂ। ਉਥੇ ਪਲੰਗ ਅਤੇ ਮੂੜੇ ਰਖਾ ਦੇਵਾਂ ਤੇ ਤੁਹਾਡੇ ਸਭ ਨਾਲ ਬੈਠ ਕੇ ਦੁਨੀਆਂ-ਜਹਾਨ ਦੀਆਂ ਚੰਗੀਆਂ-ਚੰਗੀਆਂ, ਪਿਆਰੀਆਂ-ਮਿੱਠੀਆਂ ਗਲਾਂ ਕਰਾਂ। ਬੈਠਣ ਲਈ ਚੌਧਰੀ ਦਾ ਦਾਰਾ ਤਾਂ ਹੈ। ਪਰ ਉਥੇ ਲਗਦਾ ਹੈ, ਜਿਵੇਂ ਸਿਰ ਭਾਰ ਖੜਾ ਹੋਵਾਂ।"

ਇਹ ਗਲ ਕਰਕੇ ਉਹ ਆਪਣੇ ਘਰ ਗਿਆ। ਹੁੱਕਾ ਤਾਜ਼ਾ ਕੀਤਾ। ਚਿਲਮ ਤੇ ਅੱਗ ਰਖੀ ਤੇ ਕਸ਼ ਲਾਉਣ ਲਈ ਅਜੇ ਮੰਜੀ ਤੇ ਬੈਠਾ ਹੀ ਸੀ ਕਿ ਚੌਧਰੀ ਵਲੋਂ ਉਸ ਨੂੰ ਬੁਲਾਵਾ ਆ ਗਿਆ। ਉਸ ਨੇ ਦਾਰੇ 'ਤੇ ਕਦਮ ਰਖਿਆ ਹੀ ਸੀ ਕਿ ਤਿੰਨ-ਚਾਰ ਗੁੰਡਿਆਂ ਨੇ ਉਸ ਨੂੰ ਦਬੋਚ ਲਿਆ ਤੇ ਚੌਧਰੀ ਦਾ ਪਾਲਿਆ ਹੋਇਆ ਮੁਨਸ਼ੀ ਉਸ ਦੀ ਪਿਠ ਤੇ ਜੁਤੀਆਂ ਵਰ੍ਹਾਉਣ ਲੱਗਾ।

ਨਾਲ-ਨਾਲ ਚੌਧਰੀ ਉਸ ਨੂੰ ਗਾਲ੍ਹਾਂ ਕਢਦਾ ਰਿਹਾ ਰਿਹਾ, "ਬੈਠਕ ਬਣਵਾਏਂਗਾ, ਕਮੀਨਾ? ਦਾਰਾ ਲਾਵੇਂਗਾ ਮੇਰੇ ਵਾਂਗੂੰ? ਚਾਰ ਪੈਸੇ ਆ ਗਏ ਕਿ ਆਪਣੀ ਔਕਾਤ ਹੀ ਭੁਲ ਗਿਆ ਕਮੀਨਾ! ਲਾਵੋ – ਹੋਰ ਲਾਵੋ – !'

ਕਰਮੂ ਨੂੰ ਐਨੀਆਂ ਜੁਤੀਆਂ ਲੱਗੀਆਂ ਕਿ ਜੇ ਕਿਸੇ ਹੋਰ ਨੂੰ ਲਗਦੀਆਂ ਤਾਂ ਗਿਣਤੀ ਭੁਲ ਜਾਂਦਾ, ਪਰ ਕਰਮੂ ਗਿਣਦਾ ਰਿਹਾ।

"ਮੈਂ ਤਾਂ ਗਿਣਦਾ ਰਿਹਾ," ਉਸ ਨੇ ਆਪਣੇ ਮਿਲਣ ਵਾਲਿਆਂ ਨੂੰ ਦੱਸਿਆ, "ਮੈਂ ਗਿਣਦਾ ਰਿਹਾ, ਤਾਂਕਿ ਕਿਆਮਤ ਦੇ ਦਿਨ ਖ਼ੁਦਾ ਦੇ ਸਾਹਮਣੇ ਜੁਤੀਆਂ ਦਾ ਹਿਸਾਬ ਦੇਣ ਸਮੇਂ ਮੇਰੇ ਕੋਲੋਂ ਕੋਈ ਗਲਤੀ ਨਾ ਹੋ ਜਾਵੇ। ਪੂਰੀਆਂ ਬਾਹਠ ਲਗੀਆਂ ਸਨ। ਬਾਹਠ ਪੂਰੀਆਂ ਕਰਾਂਗਾ। ਖੁਦਾ ਦੇ ਹਜ਼ੂਰ, ਇੰਸ਼ਾਅੱਲਾਹ ਇਕ ਦੇ ਸੱਤਰ ਨਾ ਸਹੀ, ਚੌਧਰੀ ਲਈ ਤਾਂ ਮੇਰੀ ਇਕ ਹੀ ਜੁੱਤੀ ਬਹੁਤ ਹੈ, ਸਾਰੇ ਜਹਾਨ ਦੇ ਲੋਕਾਂ ਸਾਹਮਣੇ।"

ਉਨ੍ਹਾਂ ਦਿਨਾਂ ਵਿਚ ਹੀ ਵੋਟਾਂ ਬਣ ਰਹੀਆਂ ਸਨ। ਵੋਟਾਂ ਬਣਾਉਣ ਵਾਲੇ ਉਨ੍ਹਾਂ ਦੇ ਪਿੰਡ ਵੀ ਆਏ ਤੇ ਜਦ ਕਰਮੂ ਦੀ ਵੋਟ ਵੀ ਬਣਾਉਣ ਲਗੇ ਤਦ ਉਨ੍ਹਾਂ ਵਿਚੋਂ ਇਕ ਬੋਲਿਆ, "ਭਈ, ਤੂੰ ਆਪਣਾ ਨਾਂ ਕਰਮਾ ਦੱਸਦਾਂ, ਪਰ ਕਰਮਾ ਕੀ ਨਾਂ ਹੋਇਆ! ਕਰਮ ਅਲਾਹੀ ਹੋਵੇਂਗਾ ਜਾਂ ਕਰਮਦੀਨ ਜਾਂ ਕਰਮਅਲੀ, ਕਰਮਾ ਕੋਈ ਨਹੀਂ ਹੋਣਾ, ਇਹ ਤੇਰੇ ਅਸਲੀ ਨਾਂ ਦਾ ਵਿਗਾੜ ਹੋਣਾ।"

ਕਰਮੂ ਬੋਲਿਆ, "ਮੈਂ ਮਰਾਸੀ ਹਾਂ ਜੀ! ਤੇ ਮਰਾਸੀਆਂ ਦੇ ਨਾਂ ਇਹੋ ਜੇਹੇ ਹੀ ਹੁੰਦੇ ਨੇ, ਜਿਵੇਂ ਮੇਰੇ ਬਾਪ ਨੂੰ ਲੋਕੀਂ ਗਾਮੂ ਕਹਿੰਦੇ ਸਨ, ਪਰ ਉਸ ਦਾ ਅਸਲ ਨਾਂ ਗਾਮਾ ਸੀ।

ਤੰਗ ਆ ਕੇ ਉਨ੍ਹਾਂ ਸੂਚੀ ਵਿਚ 'ਕਰਮਾ ਵਲਦ ਗਾਮਾ, ਜਾਤ ਮਰਾਸੀ, ਪੇਸ਼ਾ ਮੰਗਣਾ' ਲਿਖਿਆ ਤਾਂ ਕਰਮੂ ਵਿਗੜ ਗਿਆ, "ਨਹੀਂ ਸਾਹਿਬ ਜੀ! ਮੈਂ ਮੰਗਤਾ ਨਹੀਂ ਹਾਂ, ਭੀਖ ਦਾ ਪੈਸਾ ਵੀ ਮੇਰੇ ਲਈ ਹਰਾਮ ਹੈ। ਮੈਂ ਤਾਂ ਸਾਰੀ ਉਮਰ ਆਪਣੀ ਮਿਹਨਤ ਦੀ ਕਮਾਈ ਖਾਂਦਾ ਰਿਹਾ। ਮੇਰੇ ਬੱਚੇ ਪੜ੍ਹ-ਲਿਖ ਗਏ ਤਾਂ ਇਹ ਵੀ ਮੇਰੀ ਮਿਹਨਤ ਦੀ ਕਮਾਈ ਸਦਕਾ। ਹੁਣ ਉਹ ਮਿਹਨਤ ਕਰਦੇ ਹਨ। ਮੈਂ ਤਾਂ ਹੁਣ ਜਕਾਤ ਵੀ ਕਢਦਾ ਹਾਂ। ਫਿਰ ਮੈਂ ਮੰਗਤਾ ਕਿਵੇਂ ਹੋ ਗਿਆ। ਮੰਗਣਾ ਐਨਾ ਸਸਤਾ ਹੈ ਤਾਂ ਚੌਧਰੀ ਨੂੰ ਮੰਗਤਾ ਲਿਖੋ ਕਿਉਂਕਿ ਕਿਸਾਨ ਮਿਹਨਤ ਕਰਦਾ ਹੈ ਤੇ ਚੌਧਰੀ ਖਾਂਦਾ ਹੈ।"

ਚੌਧਰੀ ਨੂੰ ਖ਼ਬਰ ਮਿਲੀ ਕਿ ਕਰਮੂ ਨੇ ਵਟ ਦਰਜ ਕਰਨ ਵਾਲਿਆਂ ਦੇ ਸਾਹਮਣੇ ਉਸ ਨੂੰ ਮੰਗਤਾ ਕਿਹਾ ਹੈ, ਤਾਂ ਉਸ ਨੂੰ ਫੌਰਨ ਦਾਰੇ ਤੇ ਸੱਦਿਆ ਗਿਆ

ਤੇ ਸਭ ਪਿੰਡ ਵਾਲਿਆਂ ਦੇ ਸਾਹਮਣੇ ਚੌਧਰੀ ਨੇ ਆਪਣੇ ਮੁਨਸ਼ੀ ਕੋਲੋਂ ਉਸ ਨੂੰ ਜੁੱਤੀਆਂ ਲਵਾਈਆਂ। ਜੁੱਤੀਆਂ ਲੱਗ ਰਹੀਆਂ ਸਨ ਤਾ ਕਰਮੂ ਅਚਾਨਕ ਉੱਠ ਬੈਠਾ ਤੇ ਮੁਨਸ਼ੀ ਦੀ ਬਾਂਹ ਮਰੋੜ ਕੇ ਬੋਲਿਆ, 'ਬੱਸ, ਬਾਹਠ ਪੂਰੇ ਹੋ ਗਏ, ਮੇਰਾ ਕੋਟਾ ਪੂਰਾ ਹੈ ਜ਼ਿਆਦਾ ਲਾਵੋਗੇ ਤਾਂ ਕਿਆਮਤ ਦੇ ਦਿਨ ਚੌਧਰੀ ਨੂੰ ਜ਼ਿਆਦਾ ਤਕਲੀਫ਼ ਹੋਵੇਗੀ।"

"ਮੈਨੂੰ ਤਕਲੀਫ਼ ਹੋਵੇਗੀ!" ਚੌਧਰੀ ਇਸ ਤਰ੍ਹਾਂ ਹੈਰਾਨ ਰਹਿ ਗਿਆ ਜਿਵੇਂ ਉਸ ਦੇ ਸਿਰ ਉੱਤੇ ਸੂਰਜ ਡਿੱਗ ਪਿਆ ਹੋਵੇ। "ਮੈਨੂੰ ਕਿਵੇਂ ਤਕਲੀਫ਼ ਹੋਵੇਗੀ ਕਮੀਨੇ ?"

ਕਰਮੂ ਨੇ ਤੇਵਰ ਬਦਲੇ ਹੋਏ ਸਨ। 'ਉਸ ਨੇ ਕਿਹਾ, 'ਚਲੋ ਤੁਹਾਨੂੰ ਤਕਲੀਫ਼ ਨਹੀਂ ਹੋਵੇਗੀ ਤਾਂ ਤੁਹਾਡਾ ਹਿਸਾਬ ਕਰਨ ਵਾਲੇ ਫਰਿਸ਼ਤੇ ਨੂੰ ਤਾਂ ਤਕਲੀਫ਼ ਹੋਵੇਗੀ।"

"ਮੇਰਾ ਹਿਸਾਬ ?" ਚੌਧਰੀ ਨੇ ਇਸ ਤਰ੍ਹਾਂ ਪਾਸਾ ਪਰਤਿਆ ਜਿਵੇਂ ਪਲੰਗ ਤੇ ਹੀ ਖੜਾ ਹੋ ਜਾਵੇਗਾ, "ਕੀ ਬੱਕਦਾ ਏਂ ? ਮੇਰਾ ਹਿਸਾਬ ਕਿਹਾ ?"

"ਜੀ ਇਹੋ, ਗਰੀਬਾਂ ਨੂੰ ਜੁੱਤੀਆਂ ਮਾਰਨ ਦਾ ਹਿਸਾਬ! ਇਕ ਦੇ ਬਦਲੇ ਸੱਤਰ—" ਕਰਮੂ ਹੋਰ ਜੁੱਤੀਆਂ ਦੀ ਉਡੀਕ ਕੀਤੇ ਬਿਨਾਂ ਉੱਠ ਖੜਾ ਹੋਇਆ ਤੇ ਜ਼ਮੀਨ ਤੋਂ ਆਪਣੀ ਪੱਗ ਫੜ ਕੇ ਝਾੜਦਾ ਕਹਿਣ ਲੱਗਾ, "ਹੁਣ ਤੁਸੀਂ ਖੁਦ ਹੀ ਹਿਸਾਬ ਲਾ ਲੈਣਾ ਇਕ-ਬਾਲ ਬੁਲੰਦ ਹਨ, ਕਿ ਬਾਹਠ ਇਹ ਜੁੱਤੀਆਂ ਤੇ ਬਾਹਠ ਪਿਛਲੀਆਂ ? ਕੁਲ ਹੋਈਆਂ ਖੁਦਾ ਤੁਹਾਡਾ ਭਲਾ ਕਰੇ, ਇਕ ਸੌ ਚੌਵੀ, ਕਿਆਮਤ ਦੇ ਦਿਨ ਜੇ ਇਕ ਦੀਆਂ ਸੱਤਰ ਲੱਗਣਗੀਆਂ, ਤਾਂ ਇਕ ਸੌ ਚੌਵੀ ਦੀਆਂ ਕਿੰਨੀਆਂ ਬਣੀਆਂ ਮੁਨਸ਼ੀ ਜੀ। ਹਿਸਾਬ ਲਾ ਕੇ ਦਸ ਦਿਓ ਚੌਧਰੀ ਸਾਹਿਬ ਨੂੰ।"

ਚੌਧਰੀ ਨੇ ਗੁਸੇ ਵਿਚ ਆਪਣੀ ਜੁੱਤੀ ਵਲ ਹੱਥ ਵਧਾਇਆ। ਪਰ ਜਦੋਂ ਵੇਖਿਆ ਦਾਰੇ ਤੇ ਮੌਜੂਦ ਜ਼ਿਆਦਾ ਲੋਕ ਕਰਮੂ ਦੀਆਂ ਗਲਾ ਤੇ ਦੰਦ ਕਢ ਰਹੇ ਹਨ ਤਾਂ ਹੱਥ ਵਾਪਸ ਖੜਨ ਦੀ ਥਾਂ ਉਸ ਨੇ ਜ਼ਮੀਨ ਤੋਂ ਘਾਹ ਦਾ ਤੀਲਾ ਚੁਕ ਕੇ ਆਪਣੇ ਦੰਦਾਂ ਵਿਚ ਹੀ ਪੀਹ ਛਡਿਆ। ਗਾਲ੍ਹਾਂ ਉਸ ਦਿਆਂ ਬੁਲ੍ਹਾਂ ਤੇ ਕੰਬਦੀਆਂ ਰਹਿ ਗਈਆਂ।

ਉਸ ਵੇਲੇ ਪੰਖੇਰੂ ਆਪਣੇ ਆਲ੍ਹਣਿਆਂ ਵੱਲ ਜਾ ਰਹੇ ਸਨ। ਸ਼ਾਮ ਕਰੀਬ ਸੀ।

* * *

ਚੌਧਰੀ ਇਸ ਘਟਨਾ ਤੋਂ ਪਿਛੋਂ ਕਰਮੂ ਨਾਲ ਬਹੁਤ ਸੰਭਲ ਕੇ ਗਲ ਕਰਦਾ। ਕਰਮੂ ਮਰਾਸੀ ਤਾਂ ਸੀ ਪਰ ਖਾਂਦਾ-ਪੀਂਦਾ ਮਰਾਸੀ ਸੀ ਤੇ ਖਾਂਦੇ-ਪੀਂਦੇ ਲੋਕ ਖਾਂਦੇ-ਪੀਂਦੇ ਲੋਕਾਂ ਨਾਲ ਹਮੇਸ਼ਾ ਸੋਚ-ਸਮਝ ਕੇ ਗਲ ਕਰਦੇ ਹਨ। ਜਿਵੇਂ ਅਮਰੀਕਾ ਰੂਸ ਨਾਲ ਅਤੇ ਰੂਸ ਅਮਰੀਕਾ ਨਾਲ। ਫਿਰ ਵੀ ਜਦੋਂ ਚੌਧਰੀ ਦੇ ਦਾਰੇ ਤੋਂ ਫਾਲਤੂ ਲੋਕ ਚਲੇ ਜਾਂਦੇ ਤੇ ਸਿਰਫ਼ ਉਸ ਦੇ ਕਰੀਬੀ ਲੋਕ ਰਹਿ ਜਾਂਦੇ ਤਾਂ ਚੌਧਰੀ ਕਹਿੰਦਾ, "ਹੁਣ ਇਹ ਕਮੀਨਾ ਕੌੜੀ ਗੋਲੀ ਥੁਕ ਦੇਂਦਾ ਹੈ ਹੁਣ ਮੈਂ ਇਸ ਨੂੰ ਖੰਡ-ਚੜ੍ਹੀਆਂ ਗੋਲੀਆਂ ਦੇਵਾਂਗਾ।" ਤੇ ਫਿਰ ਉਸ ਹਾਲਾਤ ਦੇ ਡੂੰਘੇ ਨਰੀਖਣ ਵਿਚ ਖੁੱਭ ਜਾਂਦਾ, "ਲੋਕ ਕਹਿੰਦੇ ਹਨ, ਸ਼ਰਾਬ ਦਾ ਨਸ਼ਾ ਮਾੜਾ ਹੁੰਦਾ, ਮੈਂ ਕਹਿਨਾ, ਕੰਗਾਲਾਂ ਲਈ ਪੈਸੇ ਦਾ ਨਸ਼ਾ ਉਸ ਤੋਂ ਵੀ ਬੁਰਾ ਹੁੰਦਾ। ਕਰਮੂ ਨੂੰ ਵੇਖੋ, ਕਿਥੇ ਤਾਂ ਜਦੋਂ ਮੈਨੂੰ ਮਿਲਦਾ ਸੀ ਇਕਬਾਲ ਬੁਲੰਦ, ਇਕਬਾਲ ਬੁਲੰਦ ਦੀ ਮੁਹਾਰਨੀ ਨਹੀਂ ਸੀ ਛਡਦਾ ਤੇ ਕਿਥੇ ਇਹ ਦਿਨ ਕਿ ਕਲ ਕਹਿਣ ਲੱਗਾ, ਮੈਂ ਲਾਹੌਰ-ਫ਼ੈਸਲਾਬਾਦ ਜਾ ਰਿਹਾਂ। ਕੋਈ ਚੀਜ਼ ਚਾਹੀਦੀ ਹੋਵੇ ਤਾਂ ਲੈਂਦਾ ਆਵਾਂ। ਕੋਈ ਛੜੀ-ਵੜੀ, ਕੋਈ ਜੁੱਤੀ-ਵੁਤੀ! ਇਹ ਸਭ ਪੈਸੇ ਦਾ ਨਸ਼ਾ ਹੈ।" ਫਿਰ ਚੌਧਰੀ ਧੌਣ ਅਕੜਾਉਂਦਾ ਹੋਇਆ ਏਧਰ ਓਧਰ ਵੇਖਦਿਆਂ ਬੋਲਿਆ, "ਕਿਤੇ ਉਹ ਇਥੇ ਲੁਕਿਆ ਤਾਂ ਨਹੀਂ ਬੈਠਾ। ਹਰਾਮੀ ਦੀ ਔਲਾਦ! ਯਾਦ ਏ, ਇਕ ਵਾਰ ਮੈਂ ਇਥੇ ਦਾਰੇ ਤੇ ਉਸ ਦੀਆਂ ਗਲਾਂ ਕਰ ਰਿਹਾ ਸਾਂ ਤੇ ਹਨੇਰੇ ਵਿਚ ਮੈਨੂੰ ਪਤਾ ਹੀ ਨਾ ਲੱਗਾ ਕਿ ਉਹ ਕਮੀਨਾ ਵੀ ਇਕ ਪਾਸੇ ਬੈਠਾ ਹੈ! ਮੈਂ ਉਸ ਖਾਨਦਾਨੀ-ਕੰਗਾਲ ਦੇ ਠਾਠ ਦੀ ਗਲ ਕਰਦਿਆਂ ਕਹਿ ਬੈਠਾ ਕਿ ਕਾਂ ਜੇ ਮੋਰ ਦੇ ਖੰਭ ਲਾ ਲਵੇ ਤਾਂ ਕਾਂ ਹੀ ਰਹਿੰਦਾ ਹੈ ਮੋਰ ਨਹੀਂ ਬਣ ਜਾਂਦਾ। ਇਸ ਗਲ ਤੇ ਉਹ ਭਰੇ ਦਾਰੇ ਵਿਚ ਬੋਲਿਆ, "ਵੈਸੇ ਚੌਧਰੀ ਜੀ, ਸਿਆਣਿਆਂ ਤੋਂ ਸੁਣਿਆ ਕਿ ਮੋਰ ਵੀ ਕਾਂ ਦੀ ਹੀ ਨਸਲ 'ਚੋਂ ਹੈ। ਸਿਰਫ਼ ਰੰਗਦਾਰ ਖੰਭ ਕਢ ਲਏ ਹਨ ਅਤੇ ਨੱਚਣਾ ਸਿਖ ਲਿਆ ਏ — ਰੁਪੈ ਨੇ ਐਨੇ ਹੌਸਲੇ ਵਧਾ ਦਿਤੇ ਨੇ ਇਸ ਉਲੂ ਦੇ ਪੱਠੇ ਦੇ। ਨਹੀਂ ਤਾਂ ਏਥੇ ਮੇਰੇ ਸਾਹਮਣੇ ਬਿੱਲੀ ਵਾਂਗੂ ਮਮਿਆਉਂਦਾ ਫਿਰਦਾ ਸੀ। ਰੁਪੈ ਨੇ ਉਸ ਦੀ ਜ਼ੁਬਾਨ ਖਿਚ ਕੇ ਮੇਰੀ ਜੁੱਤੀ ਜਿੱਡੀ ਕਰ ਦਿਤੀ ਹੈ। ਪਰ ਮੈਨੂੰ ਏਹੋ ਜੇਹੇ ਸੋਹਣੇ ਆਉਂਦੇ ਹਨ। ਜੁੱਤੀ

ਭਾਵੇਂ ਸੁਨੈਹਰੀ ਕਢਾਈ ਹੋਈ ਹੋਵੇ ਪਰ ਹੈ ਤਾਂ ਜੁੱਤੀ ਹੀ ਤੇ ਪੈਰੀਂ ਹੀ ਪਾਉਣੀ ਪਵੇਗੀ। ਇਸ ਮਰਾਸੀ ਦੇ ਬੱਚੇ ਨੂੰ ਮੇਰੇ ਪਿੰਡ ਵਿਚ ਮਰਾਸੀ ਬਣ ਕੇ ਹੀ ਰਹਿਣਾ ਪਵੇਗਾ, ਵੇਖ ਲੈਣਾ।"

ਸਿਆਲ ਦੇ ਦਿਨ ਸਨ। ਕਰਮੂ ਕੁਝ ਦਿਨ ਆਪਣੇ ਮੁੰਡਿਆਂ ਕੋਲ ਰਹਿ ਕੇ ਪਿੰਡ ਆਇਆ ਤਾਂ ਉਸ ਨੇ ਸੁਨੈਹਰੀ ਰੰਗ ਦਾ ਕੰਬਲ ਉਪਰ ਲਿਆ ਹੋਇਆ ਸੀ। ਲੋਕ ਇਸ ਕੰਬਲ ਨੂੰ ਛੋਂਹਦੇ ਤੇ ਹੈਰਾਨ ਰਹਿ ਜਾਂਦੇ ਕਿ ਕਿਸੇ ਭੇਡ ਦੀ ਉਨ ਵੀ ਐਨੀ ਨਰਮ ਹੋ ਸਕਦੀ ਹੈ। ਕਰਮੂ ਦੇ ਇਕ ਰਿਸ਼ਤੇਦਾਰ ਨੇ ਇਸ ਕੰਬਲ ਨੂੰ ਛੋਹਿਆ ਤਾਂ 'ਬਿੱਸਮਿਲੱਾਹ' ਪੜ੍ਹ ਕੇ ਕੰਬਲ ਦਾ ਇਕ ਕੋਨਾ ਮੂੰਹ ਵਿਚ ਪਾ ਲਿਆ ਤੇ ਬੋਲਿਆ, "ਸੂਜੀ ਦਾ ਹਲਵਾ ਹੋਵੇ ਤਾਂ ਏਹੋ ਜੇਹਾ ਹੋਵੇ ਕਿ ਜਦੋਂ ਜੀਅ ਕੀਤਾ ਉਪਰ ਲੈ ਲਿਆ ਜਦੋਂ ਜੀ ਕੀਤਾ ਖਾ ਲਿਆ।"

ਖ਼ੁਦ ਕਰਮੂ ਮਿਲਣ ਵਾਲਿਆਂ ਨੂੰ ਦਸਦਾ ਰਿਹਾਂ ਕਿ ਪੂਰੇ ਇਕ ਸੌ ਦਾ ਆਇਆ ਹੈ। ਫਿਰ ਸਿਰਫ ਖ਼ੂਬਸੂਰਤ ਹੀ ਨਹੀਂ ਅੰਦਰੋਂ ਐਨਾ ਗਰਮ ਹੈ ਕਿ ਬਾਹਰ ਬਰਫ ਵੀ ਪੈਂਦੀ ਹੋਵੇ ਤਾਂ ਕੰਬਲ ਅੰਗੀਠੀ ਵਾਂਗ ਮਘਦਾ ਹੈ। ਪੋਹ ਦੇ ਮਹੀਨੇ ਵੀ ਪਸੀਨਾ ਆਉਂਦਾ। ਖ਼ੁਦਾ ਦੀ ਕਸਮ!

ਪੂਰੇ ਪਿੰਡ ਵਿਚ ਇਸ ਕੰਬਲ ਦੀ ਚਰਚਾ ਸੀ। ਗਲ ਚੌਧਰੀ ਤੱਕ ਵੀ ਪਹੁੰਚੀ, ਕੁਝ ਇਸ ਤਰ੍ਹਾਂ ਕਿ ਕਰਮੂ ਕਹਿ ਰਿਹਾ ਸੀ, "ਏਹੋ ਜ਼ੇਹਾ ਕੰਬਲ ਤਾਂ ਚੌਧਰੀ ਨੂੰ ਵੀ ਸਾਰੀ ਉਮਰ ਨਸੀਬ ਨਹੀਂ ਹੋਇਆ ਹੋਣਾ।" ਇਸ ਗਲ ਤੇ ਚੌਧਰੀ ਇਸ ਤਰ੍ਹਾਂ ਮੁਸਕਰਾਇਆ, ਜਿਵੇਂ ਕਿਸੇ ਨੇ ਖਰਬੂਜ਼ੇ ਦਾ ਇਕ ਸਿਰਾ ਛੁਰੀ ਨਾਲ ਚੀਰ ਦਿਤਾ ਹੋਵੇ। ਕਰਮੂ ਦੇ ਵਿਹਾਰ ਨੇ ਚੌਧਰੀ ਨੂੰ ਸਿਆਸਤ ਸਿਖਾ ਦਿਤੀ ਸੀ।

ਇਕ ਦਿਨ ਕਰਮੂ ਕੰਬਲ ਲਈ ਚੌਧਰੀ ਦੀ ਗਲੀ ਵਿਚੋਂ ਲੰਘਿਆ ਤਾਂ ਚੌਧਰੀ ਆਪਣੇ ਆਦਮੀਆਂ ਨਾਲ ਬਾਹਰ ਬੈਠਾ ਧੁੱਪ ਸੇਕ ਰਿਹਾ ਸੀ। ਕਰਮੂ ਨੂੰ ਸੱਦਿਆ ਤੇ ਉਸ ਦੇ ਕੰਬਲ ਤੇ ਹੱਥ ਫੇਰ ਕੇ ਬੋਲਿਆ, "ਕਿਥੋਂ ਮਾਰਿਆ?"

ਕਰਮੂ ਕੋਲ ਹੀ ਸਿੱਲ ਤੇ ਬੈਠ ਗਿਆ, "ਮੈਂ ਤਾਂ – ਇਕਬਾਲ ਬੁਲੰਦ, ਸਾਰੀ ਉਮਰ ਇਕ ਜੂੰ ਤਕ ਨਹੀਂ ਮਾਰੀ, ਕੰਬਲ ਕਿਥੋਂ ਮਾਰੂੰਗਾ। ਤੇ ਫਿਰ ਕੰਬਲ ਵੀ ਐਸਾ ਕਿ ਤੁਸੀਂ ਛੋਹਿਆ ਤੇ ਤੁਹਾਡੇ ਲੂੰ ਕੰਢੇ ਖੜੇ ਹੋ ਗਏ।"

ਚੌਧਰੀ ਦਾ ਚੇਹਰਾ ਕੁਝ ਇਸ ਤਰ੍ਹਾਂ ਤਣ ਗਿਆ, ਜਿਵੇਂ ਉਸ ਦੀ ਚੋਰੀ ਫੜੀ ਗਈ ਹੋਵੇ। ਖਰਬੂਜ਼ੇ ਨੂੰ ਇਕ ਹੋਰ ਚੀਰ ਪੈ ਗਿਆ, "ਚਲ ਜੇ ਮਾਰਿਆ ਨਹੀਂ, ਤਾਂ ਲਿਆ ਕਿਥੋਂ?"

ਕਰਮੂ ਨੇ ਪਲ ਭਰ ਸੋਚਿਆ। ਉਸ ਦੀਆਂ ਅੱਖਾਂ ਚਮਕੀਆਂ। ਆਪਣੇ ਪੁੱਤਰਾਂ ਦਾ ਜ਼ਿਕਰ ਕਰਨ ਲਗਿਆਂ ਉਸ ਨੂੰ ਹਮੇਸ਼ਾਂ ਜਾਪਦਾ ਜਿਵੇਂ ਉਸ ਦੀਆਂ ਪੁਤਲੀਆਂ ਵਿਚ ਰਖੇ ਦੀਵੇ ਜਗ ਪਏ ਹੋਣ, "ਕਾਲਾ ਸ਼ਾਹ ਕਾਕੂ ਵਿਚ ਮੇਰਾ ਪੁੱਤਰ ਹੈ ਨਾ ਸਰਫਰਾਜ਼..."

"ਹਾਂ, ਉਹ ਸਰਫਾ!" ਚੌਧਰੀ ਨੇ ਕਰਮੂ ਦੀ ਗਲ ਸੋਧਦਿਆਂ ਕਿਹਾ।

"ਜੀ ਹਾਂ – ਉਹੀ ਸਰਫਰਾਜ਼ –" ਕਰਮੂ ਨੇ ਸੋਧ ਨੂੰ ਕੋਈ ਮਹੱਤਵ ਨਾ ਦਿਤੀ। ਉਹ ਕਹਿਣ ਲੱਗਾ "ਬਾਬਾ, ਐਤਕੀਂ ਇਥੋਂ ਇਕ ਚੰਗੀ ਜਿਹੀ ਜੁੱਤੀ ਲੈ ਜਾਹ।" ਮੈਂ ਕਿਹਾ, ਪੁਤਰਾ! ਜੁੱਤੀਆਂ ਤਾਂ ਪਿੰਡ ਵਿਚ ਬਹੁਤ ਹਨ। ਕੋਈ ਤੋਹਫਾ...। ਤਾਂ ਉਹ ਇਹ ਕੰਬਲ ਲਿਆਇਆ। ਮਲੇਸ਼ਿਆ ਵਿਚ ਉਸ ਦੇ ਕਿਸੇ ਮਿੱਤਰ ਦਾ ਅੱਬਾ ਰਹਿੰਦਾ ਹੈ। ਉਹ ਇਹ ਕੰਬਲ ਆਪਣੇ ਪੁੱਤਰ ਲਈ ਲਿਆਇਆ ਸੀ, ਸਰਫਰਾਜ਼ ਨੇ ਉਸ ਤੋਂ ਮੇਰੇ ਲਈ ਖਰੀਦ ਲਿਆ।"

ਚੌਧਰੀ ਬੋਲਿਆ, "ਦੇਖ ਕਰਮੂ! ਜੇ ਮੈਂ ਕਹਾਂ ਕਿ ਇਹ ਕੰਬਲ ਮੈਨੂੰ ਚਾਹੀਦਾ ... ਤਾਂ?"

"ਤਾਂ ਲੈ ਲਵੋ ਨਾ ਇਕਬਾਲ ਬੁਲੰਦ..." ਕਰਮੂ ਨੇ ਜਵਾਬ ਦਿਤਾ, "ਸਰਫਰਾਜ਼ ਪੁਛੇਗਾ ਤਾਂ ਕਹਿ ਦੇਵਾਂਗਾ ਕਿ ਚੋਰ ਲੈ ਗਏ!"

ਚੌਧਰੀ ਨੇ ਕਰਮੂ ਦੀ ਗਲ ਇਕ ਜ਼ੋਰਦਾਰ ਕਹਿਕਹੇ ਵਿਚ ਉਡਾਉਣੀ ਚਾਹੀ। ਪਰ ਸਾਫ਼ ਦਿਸ ਰਿਹਾ ਸੀ ਕਿ ਇਸ ਕਹਿਕਹੇ ਦਾ ਫੇਫੜਿਆਂ ਨਾਲ ਕੋਈ ਸਬੰਧ ਨਹੀਂ। ਫਿਰ ਉਹ ਇਕਦਮ ਸੰਜੀਦਾ ਹੋ ਕੇ ਬੋਲਿਆ, "ਇਸ ਦਾ ਕੀ ਲਵੇਂਗਾ?"

"ਕੁਝ ਵੀ ਨਹੀਂ ਇਕਬਾਲ ਬੁਲੰਦ!" ਕਰਮੂ ਦੀ ਅਵਾਜ਼ ਵਿਚ ਬੜੀ ਲਾਪਰਵਾਹੀ ਸੀ।

"ਮਗਰ ਮੈਂ ਮੁਫਤ ਨਹੀਂ ਲੈਣਾ!" ਚੌਧਰੀ ਬੋਲਿਆ, "ਇਹ ਸਾਡੀ ਖਾਨਦਾਨੀ ਆਦਤ ਹੈ ਕਿ ਅਸੀਂ ਮੁਫਤ ਚੀਜ਼ਾਂ ਦੇਂਦੇ ਹਾਂ ਲੈਂਦੇ ਨਹੀਂ। ਤੂੰ ਤਾਂ ਜਾਣਦਾ ਏਂ, ਤੈਨੂੰ ਤਾਂ ਉਮਰ ਭਰ ਦਾ ਤਜਰਬਾ ਹੈ।"

"ਜੀ ਹਾਂ," ਕਰਮੂ ਨੇ ਕਿਹਾ, "ਪਰ ਕਦੀ-ਕਦੀ ਲੈਣ ਵਾਲਿਆਂ ਤੇ ਦੇਣ ਦਾ ਮੌਕਾ ਵੀ ਆ ਜਾਂਦਾ

ਹੈ ਇਕਬਾਲ ਬੁਲੰਦ, ਲੈ ਲਵੇ ਨਾ! ਸਰਫਰਾਜ਼ ਮੈਨੂੰ ਹੋਰ ਭੇਜ ਦੇਵੇਗਾ।"

"ਨਹੀਂ ਕਰਮੂ!" ਚੌਧਰੀ ਨੇ ਕਿਹਾ, "ਤੂੰ ਸਾਡਾ ਮਰਾਸੀ ਏਂ। ਤੇਰੇ ਵਡੇਰਿਆਂ ਨੇ ਸਾਡੇ ਵੱਡਿਆਂ ਦੀਆਂ ਜੁੱਤੀਆਂ ਸੁੰਘੀਆਂ ਨੇ। ਮੰਗ ਕੀ ਮੰਗਦਾ ਏਂ ਇਸ ਕੰਬਲ ਦਾ। ਸਰਫੇ ਨੇ ਤੈਨੂੰ ਦਸਿਆ ਤਾਂ ਹੋਣਾ ਕਿ ਇਸ ਕੰਬਲ ਦੇ ਕਿੰਨੇ ਰੁਪੈ ਦਿਤੇ ਸਨ?"

"ਜੀ ਹਾਂ, ਸਰਫਰਾਜ਼ ਨੇ ਦਸਿਆ ਤਾਂ ਸੀ!" ਕਰਮੂ ਦੀ ਅਵਾਜ਼ ਵਿਚ ਸੋਚ ਰਲੀ ਹੋਈ ਸੀ। ਫਿਰ ਉਹ ਜਿਵੇਂ ਕਿਸੇ ਨਤੀਜੇ ਤੇ ਪਹੁੰਚ ਕੇ ਮੁਸਕਰਾਉਣ ਲਗਾ ਤੇ ਕਿਹਾ, "ਕੰਬਲ ਬਾਹਰਲੇ ਮੁਲਕ ਦਾ ਨਾ ਜੀ! ਮੈਂ ਕਿਹਾ ਵੀ ਸੀ ਸਰਫਰਾਜ਼ ਨੂੰ ਕਿ ਐਨੀ ਫਜ਼ੂਲ-ਖਰਚੀ ਨਾ ਕਰਿਆ ਕਰੇ। ਪਰ ਉਹ ਬੋਲਿਆ, "ਕੋਈ ਵੀ ਚੀਜ਼ ਅੱਬਾ ਦੇ ਅਰਾਮ ਤੋਂ ਮਹਿੰਗੀ ਨਹੀਂ। ਤੁਸੀਂ ਠੀਕ ਕਹਿੰਦੇ ਸੀ। ਪੜ੍ਹਾਈ ਨੇ ਮੁੰਡਿਆਂ ਦੇ ਦਿਮਾਗ਼ ਖਰਾਬ ਕਰ ਦਿਤੇ ਨੇ। ਕੀਮਤ ਕੁਝ ਜ਼ਿਆਦਾ ਹੀ ਹੈ, ਐਨੀ ਜਿਆਦਾ ਕਿ ਸਰਫਾ ਮਿਰਾਸੀ ਇਹ ਕੀਮਤ ਦੇ ਸਕਦਾ ਹੈ, ਪਰ ਮੈਂ ਨਹੀਂ ਦੇ ਸਕਦਾ।"

ਚੌਧਰੀ ਆਪਣੇ ਗੁਸੇ ਨੂੰ ਲੁਕਾਉਣ ਦੇ ਬਾਵਜੂਦ ਲੁਕਾ ਨਾ ਸਕਿਆ, "ਦਸ ਕਿੰਨੇ ਦਾ ਆਇਆ ਹੈ। ਪੰਜਾਹ — ਸੌ — ਦੋ ਸੌ — ਤਿੰਨ ਸੌ — ਹੋਰ ਕਿੰਨੇ ਦਾ?"

"ਤਿੰਨ ਤਾਂ ਖੈਰ ਨਹੀਂ ਜੀ —" ਕਰਮੂ ਨੇ ਚੌਧਰੀ ਦੇ ਮੁਨਸ਼ੀ ਵਲ ਇਵੇਂ ਵੇਖਿਆ, ਜਿਵੇਂ ਜੁੱਤੀਆਂ ਮਾਰਨ ਤੋਂ ਪਹਿਲਾਂ ਮੁਨਸ਼ੀ ਨੇ ਕਰਮੂ ਵਲ ਵੇਖਿਆ ਸੀ, "ਕੁਲ ਦੋ ਸੌ ਬਾਹਠਾਂ ਦਾ ਆਇਆ ਹੈ!" ਉਸ ਨੇ ਬੈਠੇ ਲੋਕਾਂ ਵਲ ਪ੍ਰਸੰਸਾ ਮੰਗਦੀਆਂ ਨਜ਼ਰਾਂ ਨਾਲ ਵੇਖਿਆ।

"ਤੇ ਐਨੀ ਰਕਮ ਤੇਰੇ ਪੁੱਤ ਨੇ ਦੇ ਦਿੱਤੀ?"

"ਕਮਾਊ ਏ ਨਾ ਇਕਬਾਲ ਬੁਲੰਦ —"

"ਤਾਂ ਤੂੰ ਮੇਰੇ ਕੋਲੋਂ ਦੋ ਸੌ ਬਾਹਠ ਰੁਪੈ ਲਵੇਂਗਾ?"

"ਤੁਸੀਂ ਬਾਹਠ ਰਹਿਣ ਦੇਵੋ, ਦੋ ਸੌ ਦੇ ਦੇਵੋ!"

"ਦੋ ਸੌ ਬਾਹਠਾਂ ਵਿਚ ਬਾਹਠ ਹੋਰ ਮਿਲਾ ਕੇ ਕਿਉਂ ਨਾ ਦੇਵਾਂ!"

ਚੌਧਰੀ ਨੇ ਆਪਣੇ ਖਾਨਦਾਨੀ ਅੰਦਾਜ਼ ਵਿਚ ਕਿਹਾ, "ਆਖਰ ਤੂੰ ਸਾਡਾ ਮਰਾਸੀ ਏਂ।"

"ਚਲੋ, ਤਿੰਨ ਸੌ ਚੌਵੀ ਦੇ ਦੇਵੋ!"

"ਤੈਨੂੰ ਤਾਂ ਬਾਣੀਆਂ ਵਾਂਗੂ ਠੀਕ-ਠੀਕ ਹਿਸਾਬ ਕਰਨਾ ਵੀ ਆ ਗਿਆ," ਚੌਧਰੀ ਨੇ ਦਿਲ-ਲਗੀ ਕ ਦੀ ਕੋਸ਼ਿਸ਼ ਕੀਤੀ। ਤੇ ਕਰਮੂ ਕੰਬਲ ਉਤਾਰਦਿ ਹੋਇਆ ਬੋਲਿਆ, "ਮੈਂ ਤਾਂ ਹੁਣ ਬੇਹਿਸਾਬ ਖਰਚ ਕਰ ਹਾਂ। ਇਕਬਾਲ ਬੁਲੰਦ! ਬਸ ਸਿਰਫ਼ ਆਉਂਦਾ ਦਾ ਬਾਹਠਾਂ ਦਾ ਹਿਸਾਬ ਆਉਂਦਾ ਹੈ।"

ਚੌਧਰੀ ਨੇ ਕਰਮੂ ਦੇ ਚਲਾਏ ਕੋੜੇ ਤੋਂ ਬੇਪਰਵ ਹੋ ਕੇ ਆਪਣੇ ਮੁਨਸ਼ੀ ਨੂੰ ਕਿਹਾ, "ਲੈ ਭਈ, ਦੇ ਇਸ ਨੂੰ ਤਿੰਨ ਸੌ ਚੌਵੀ!"

"ਰੁਪੈ ਮੁਨਸ਼ੀ, ਤਿੰਨ ਸੌ ਚੌਵੀ!" ਕਰਮੂ ਮੁਨਸ਼ੀ ਨੂੰ ਤਾਕੀਦ ਕੀਤੀ।

"ਰੁਪੈ ਨਹੀਂ ਤਾਂ ਪੈਸੇ!" ਮੁਨਸ਼ੀ ਬੋਲਿਆ।

"ਮੇਰਾ ਮਤਲਬ ਸੀ, ਕਿ ਕਿਤੇ ਤੂੰ ਤਿੰਨ ਚੌਵੀ ਰੁਪੈ ਦੇਣ ਦੇ ਤਿੰਨ ਸੌ ਚੌਵੀ ਜੁਤੀਆਂ ਨਾ ਮਾ ਲਗ ਪਵੇਂ!"

ਚੌਧਰੀ ਸਮੇਤ ਸਭ ਲੋਕ ਜ਼ੋਰ ਦੀ ਹੱਸੇ। ਸਭ ਦੇ ਹਾਸੇ ਦਾ ਮਤਲਬ ਅਲਗ-ਅਲਗ ਪਛਾਣਿ ਜਾ ਸਕਦਾ ਸੀ। ਚੌਧਰੀ ਤਾਂ ਇਸ ਤਰ੍ਹਾਂ ਹੱਸ ਜਿਵੇਂ ਉਸ ਦਾ ਦਿਲ ਇਕ ਟੀਨ ਦਾ ਪੀਪਾ ਹੋਵੇ ਕਰਮੂ ਨੇ ਉਸ ਵਿਚ ਪਏ ਰੋੜੇ ਹਿਲਾ ਦਿਤੇ ਹੋਣ।

ਕਰਮੂ ਨੇ ਰੁਪੈ ਲਏ ਅਤੇ ਮੁਸਕਰਾਉਂਦਾ ਚ ਗਿਆ।

ਤਦ ਚੌਧਰੀ ਆਪਣੇ ਸਾਹਮਣੇ ਕੰਬਲ-ਖਲਾਰ ਮੁਸਕਰਾਇਆ। ਉਸ ਨੂੰ ਚੰਗੀ ਤਰ੍ਹਾਂ ਝਾੜਿਆ, ਜਿ ਕੰਬਲ ਦਾ ਮਿਰਾਸੀਪਨ ਝਾੜ ਰਿਹਾ ਹੋਵੇ। ਉਸ ਤਹਿ ਕਰਕੇ ਮੁਨਸ਼ੀ ਦੇ ਹਵਾਲੇ ਕਰ ਦਿਤਾ ਤਾਂ ਘਰ ਪਹੁੰਚਾ ਦੇਵੇ। ਕਹਿਣਾ, ਇਸ ਨੂੰ ਸਾਰਾ ਦਿਨ ਰਖ ਕੇ ਫੇਰ ਕਿਸੇ ਪੇਟੀ ਵਿਚ ਸੁਟ ਦੇਣ। ਫਿਰ ਹਾਜ਼ਰ ਲੋਕਾਂ ਵਲ ਮੂੰਹ ਕਰਕੇ ਬੋਲਿਆ, "ਦਰਜ ਪਏ ਹਨ ਇਸ ਤਰ੍ਹਾਂ ਦੇ ਕੰਬਲ ਪਰ ਮੈਂ ਦੋ ਪੈਸੇ ਮਰਾਸੀ ਨੂੰ ਢਾਈ-ਤਿੰਨ ਸੌ ਦਾ ਕੰਬਲ ਲੈ ਕੇ ਦਿ ਨੂੰ ਨਹੀਂ ਸੀ ਵੇਖ ਸਕਦਾ। ਜੁਤੀ ਨੂੰ ਪੈਰ ਵਿਚ ਰਹਿਣਾ ਚਾਹੀਦਾ ਹੈ।"

[ ਅਨੁ: ਰਵਿੰਦਰ ਸਿੰਘ ਬਾ


## ਬਲਰਾਜ ਸਾਹਨੀ ਯਾਦਗਾਰ ਪ੍ਰਕਾ

# ਜਦੋਂ ਖੇਤ ਜਾਗੇ

ਕ੍ਰਿਸ਼ਨ ਚੰਦਰ ਦਾ ਨਾਵਲ — ਮੁਲ 3.00

# ਪੰਜਾਬ ਦਾ ਸਿਆਸੀ ਰੰਗਮੰਚ: ਅਸੰਤੁਲਨ ਦਾ ਸ਼ਿਕਾਰ

ਲਾਭ ਸਿੰਘ "ਖੀਵਾ" ਗੁਰਦੇਵ ਸਿੰਘ

ਪੇਂਡੂ ਨਾਟਕ ਮੰਡਲੀ ਭਾਈ ਰੂਪਾ ਤੇ ਫਿਰ ਨਵੀਂ ਬਣੀ ਸ਼ਾਖ-ਇਪਟਾ ਬਠਿੰਡਾ ਵਿੱਚ ਕੰਮ ਕਰਨ ਤੋਂਬਾਦ ਪੰਜਾਬ ਦੇ ਸਿਆਸੀ ਰੰਗਮੰਚ ਦੀ ਸਮੱਸਿਆ ਤੇ ਕਈ ਵੇਰ ਬਹਿਸ ਛਿੜਦੀ ਰਹੀ ਹੈ। ਇਸ ਨੂੰ ਪਾਠਕਾਂ ਨਾਲ ਸਾਂਝਾ ਕਰਨਾ ਅਸੀਂ ਅਤਿ ਜ਼ਰੂਰੀ ਸਮਝਦੇ ਹਾਂ।

ਪੰਜਾਬ ਦੇ ਸਿਆਸੀ ਰੰਗਮੰਚ ਦੇ ਮਸਲੇ ਤੇ ਗੱਲ ਕਰਨ ਲੱਗਿਆਂ, ਇਥੋਂ ਦੀ ਸਮਾਜਿਕ, ਆਰਥਿਕ ਤੇ ਰਾਜਨੀਤਕ ਅਵਸਥਾ ਦਾ ਸਾਨੂੰ ਵਿਸ਼ਲੇਸ਼ਣ ਕਰਨਾ ਹੀ ਪਵੇਗਾ। ਕਿਸੇ ਵੀ ਖੇਤਰ ਦੀ ਸਮਾਜਿਕ-ਆਰਥਿਕ ਬਣਤਰ, ਉਥੇ ਦੇ ਸਾਹਿਤ ਤੇ ਕਲਾ ਦੀ ਆਧਾਰਸ਼ਿਲਾ ਬਣਦੀ ਹੀ ਹੈ, ਇਸ ਦੇ ਨਾਲ ਹੀ ਇਸ ਬਣਤਰ ਵਿੱਚੋਂ ਉਪਜੀ ਸਿਆਸਤ ਉਥੋਂ ਦੇ ਅਵਾਮ ਨੂੰ ਜਿਉਂ ਜਿਉਂ ਆਪਣੇ ਕਲਾਵੇ ਵਿੱਚ ਲੈਂਦੀ ਜਾਂਦੀ ਹੈ ਤਾਂ ਉਥੋਂ ਦੀ ਕਲਾ ਤੇ ਸਾਹਿਤ ਵੀ, ਕੀ ਵਿਸ਼ੇ ਪੱਖੋਂ ਤੇ ਕੀ ਰੂਪ ਵਜੋਂ ਆਮ ਲੋਕਾਂ ਦੀ ਆਵਾਜ਼ ਦਾ ਹਰਕਾਰਾ ਬਣਨ ਲੱਗ ਪੈਂਦਾ ਹੈ। ਜਿਉਂ ਜਿਉਂ ਸਿਆਸੀ ਲਹਿਰਾਂ ਦੀ ਭੱਠੀ ਗਰਮ ਹੁੰਦੀ ਹੈ, ਤਿਉਂ ਤਿਉਂ ਅਵਾਮ ਨਾਲ ਸਿੱਧਾ ਸੰਪਰਕ ਰੱਖਣ ਵਾਲੇ ਸਾਹਿਤ ਤੇ ਕਲਾ ਦੇ ਅੰਗ ਆਪਣੇ ਪ੍ਰਚੰਡ ਰੂਪ ਵਿੱਚ ਉਭਰਕੇ ਆਉਂਦੇ ਹਨ। ਇਨਸਾਫ਼ ਲਈ ਲੜ ਰਹੇ ਲੋਕਾਂ ਦੇ ਜਜ਼ਬਾਤਾਂ ਦੀ ਤਰਜਮਾਨੀ, ਸਾਹਿਤ ਤੇ ਕਲਾ ਦਾ ਲੋਕ-ਸੰਚਾਰ ਸਾਧਨ—ਰੰਗਮੰਚ—ਅਜੇਹੀਆਂ ਸਿਆਸੀ ਲਹਿਰਾਂ ਦੀ ਭੱਠੀ ਦੇ ਸੇਕ ਨਾਲ ਸੂਹਾ ਹੋਇਆ, ਅਜੇਹੇ ਕਲਾਤਮਕ ਮਜਾਜ ਨਾਲ ਕਰਦਾ ਹੈ ਕਿ ਇਹ ਸਿਆਸੀ ਨੇਤਾਵਾਂ ਦੇ ਭਾਸ਼ਣ ਨਾਲੋਂ ਲੋਹੜੇ ਦਾ ਸ਼ਕਤੀਸਾਲੀ ਤੇ ਪ੍ਰੇਰਨਾਮਈ ਹੁੰਦਾ ਹੈ।

ਕਿਸੇ ਵੀ ਖੇਤਰ ਦਾ ਸਿਆਸੀ ਰੰਗਮੰਚ ਉਥੋਂ ਦੀ ਸਿਆਸਤ ਦੀ ਸਿਧਾਂਤਕ ਸਪਸ਼ਟਤਾ ਤੇ ਉਸ ਸਿਆਸਤ ਦਾ ਲੋਕਾਂ ਦੇ ਹੱਡਾਂ ਵਿੱਚ ਬੈਠੇ ਅਸਰ ਦਾ ਹੀ ਹਾਣੀ ਹੋ ਸਕਦਾ ਹੈ। ਜੇਕਰ ਉਥੋਂ ਦੀ ਸਿਆਸਤ ਵਿੱਚ ਘਚੋਲਾ ਹੋਵੇਗਾ ਤਾਂ ਉਥੋਂ ਦਾ ਸਿਆਸੀ ਥੀਏਟਰ ਲੋਕਾਂ ਦੀ ਸੂਝ ਨੂੰ ਮੰਜਾ ਦੇਣ ਵਾਲੀ ਤੇ ਪ੍ਰਚੰਡ ਕਰਨ ਵਾਲੀ ਕੋਈ ਰੰਗਮੰਚੀ ਪ੍ਰੰਪਰਾ ਉਤਪੰਨ ਨਹੀਂ ਕਰ ਸਕਦਾ। ਇਸ ਦੇ ਨਾਲ ਹੀ ਫਿਰ ਰੂਪ ਦੀ ਸਮੱਸਿਆ ਹਰ ਸਿਆਸੀ ਰੰਗਮੰਚ ਦੇ ਸੰਚਾਲਕ ਨੂੰ ਊਲ-ਜਲੂਲ ਪ੍ਰਯੋਗਾਂ ਲਈ ਮਜਬੂਰ ਕਰੇਗੀ ਜਿਸ ਨਾਲ ਸਮੁੱਚਾ ਸਿਆਸੀ ਰੰਗਮੰਚ ਸੰਕਟ ਵਿੱਚ ਫਸਿਆ ਰਹੇਗਾ।

ਉਪਰੋਕਿਤ ਲਿਖੇ ਪਿਛੋਕੜ ਵਿਚ ਹੀ ਪੰਜਾਬ ਦੇ ਸਿਆਸੀ ਰੰਗਮੰਚ ਦਾ ਮੁਲਾਂਕਣ ਕਰਨਾ ਚਾਹੀਦਾ ਹੈ। ਆਜ਼ਾਦੀ ਤੋਂ ਬਾਦ ਪੰਜਾਬ ਦੇ ਲੋਕਾਂ ਦੀ ਖ਼ੈਰਖਵਾਹ ਹੋਣ ਦਾ ਵਿਸ਼ਵਾਸ ਖੱਬੀ ਸਿਆਸਤ ਨੂੰ ਹੀ ਬੰਨਣਾ ਚਾਹੀਦਾ ਸੀ। ਪਰ ਕੌਮੀ ਪੱਧਰ ਤੇ ਜੋ ਹਸ਼ਰ ਖੱਬੀ ਸ਼ਕਤੀ ਦਾ ਹੋਇਆ, ਉਸਦਾ ਅਸਰ ਪੰਜਾਬ ਦੇ ਸਿਆਸੀ ਮਹੌਲ ਤੇ ਵੀ ਪੈਣਾ ਸੀ, ਜਿਸ ਕਰਕੇ ਪੰਜਾਬ ਦੇ ਸਿਆਸੀ ਰੰਗਮੰਚ ਦੀਆ ਸੰਭਾਵਨਾਵਾਂ ਉਜਾਗਰ ਨਾ ਹੋ ਸਕੀਆਂ- ਸਿਆਸੀ ਲਹਿਰਾਂ ਦੀ ਗਰਮ ਭੱਠੀ ਵਿੱਚ ਸੂਹੇ ਹੋਣਾ ਤਾਂ ਦੂਰ ਦੀ ਸੋਚ ਹੈ। ਕਿਉਂਕਿ ਆਜ਼ਾਦੀ ਤੋਂ ਬਾਦ ਪੰਜਾਬੀ ਲੋਕਾਂ ਦੇ ਹੱਡਾਂ ਵਿਚ ਰਚ ਜਾਣ ਦਾ ਭਵਿੱਖ ਖੱਬੀ ਸਿਆਸਤ ਦਾ ਹੀ ਸੀ। ਪਰ ਖੱਬੀ ਸਿਆਸਤ ਪਾਟੀ ਹੋਣ ਕਰਕੇ ਇਹ ਆਪਣਾ ਇਤਿਹਾਸਕ ਰੋਲ ਨਾ ਨਿਭਾ ਸਕੀ। ਪੰਜਾਬ ਦੀਆਂ ਇੰਜ ਹੀ ਬਦਲਦੀਆਂ ਆਰਥਿਕ ਤੇ ਸਿਆਸੀ ਪ੍ਰਸਥਿਤੀਆਂ ਮੁਤਾਬਕ ਪੰਜਾਬ ਦਾ ਸਿਆਸੀ

ਰੰਗਮੰਚ ਆਪਣੇ ਆਪ ਨੂੰ ਢਾਲਕੇ ਕੱਦਾਵਰ ਨਾ ਹੋ ਸਕਿਆ। ਭਾਵੇਂ ਕਿ ਆਜ਼ਾਦੀ ਤੋਂ ਬਾਦ ਵੀ ਇਪਟਾ 1950 ਤੱਕ ਮੁਜ਼ਾਰਾ ਘੋਲਾਂ ਤੇ ਅਮਨ ਲਹਿਰ ਦੇ ਅਸਰ ਥੱਲੇ ਪੰਜਾਬ ਦੇ ਸਿਆਸੀ ਰੰਗਮੰਚ ਦੀ ਪਰੰਪਰਾ ਨੂੰ ਚਲਦੀ ਰੱਖਦੀ ਆਈ ਤੇ ਫਿਰ ਕਮਿਊਨਿਸਟ ਪਾਰਟੀਆਂ ਦੇ ਡਰਾਮਾ-ਸੁਕੈਡ ਕਈ ਨੁਕਸਾਂ ਸਮੇਤ ਸਿਆਸੀ ਰੰਗਮੰਚ ਦੇ ਲੰਗੜੇ ਰੂਪ ਵਿੱਚ ਪੰਜਾਬੀ ਲੋਕਾਂ ਨੂੰ ਨਸੀਬ ਹੋਏ। ਉਨ੍ਹਾਂ ਦੇ ਸੁਹਜ-ਸੁਆਦ ਦੀ ਤ੍ਰਿਪਤੀ ਨੂੰ ਪੂਰਾ ਕਰਦੇ ਤੇ ਫਿਰ ਲੋਕ ਸਿਆਸੀ ਮਸਲਿਆਂ ਤੋਂ ਜਾਣੂ ਹੁੰਦੇ।

ਕੌਮਾਂਤਰੀ ਪੱਧਰ ਤੇ ਕਮਿਊਨਿਸਟ ਲਹਿਰ ਨਾਲੋਂ ਚੀਨ ਦੇ ਵਖਰੇ ਪੈਂਤੜੇ ਨੇ ਸਾਡੀਆਂ ਕੌਮੀ ਕਮਿਊਨਿਸਟ ਸ਼ਕਤੀਆਂ ਤੇ ਪ੍ਰਭਾਵ ਪਾਇਆ। ਜਿਸ ਦਾ ਅਸਰ ਚੇਚਕ ਦੇ ਟੀਕੇ ਵਾਂਗ ਸਾਲਾਂਬੱਧੀ ਚਲਦਾ ਰਿਹਾ। ਜਿਸ ਕਰਕੇ ਇਸ ਸਦੀ ਦੇ ਸਤਵੇਂ ਦਹਾਕੇ ਦੇ ਅਖੀਰ ਵਿੱਚ ਇਥੋਂ ਦੀਆਂ ਖੱਬੀਆ ਸ਼ਕਤੀਆਂ ਹੋਰ ਵੀ ਤਿਖੇ ਰੂਪ ਵਿੱਚ ਵੰਡੀਆਂ ਗਈਆਂ। ਪਰ ਇਸ ਅਰਸੇ ਦੁਰਾਨ ਸਾਡੇ ਸਿਆਸੀ ਲਹਿਰਾਂ ਦਾ ਛਿੰਨ ਭੰਗਰੀ ਤੂਫਾਨ ਜਿਹਾ ਉਠਿਆ। ਜਿਸ ਨਾਲ ਪੰਜਾਬ ਦੇ ਸਿਆਸੀ ਰੰਗਮੰਚ ਨੇ ਕੁੱਝ ਅੰਗੜਾਈ ਲਈ। ਪਰ ਇਹ ਸਿਆਸੀ ਲਹਿਰਾਂ ਖੱਬੀਆਂ ਹੋਣ ਦੇ ਬਾਵਜੂਦ ਵੀ ਸਿਧਾਂਤਕ ਪੁਖਤਗੀ ਤੋਂ ਕੋਰੀਆਂ ਹੀ ਸਨ। ਜਿਸ ਕਰਕੇ ਪੰਜਾਬ ਦਾ ਸਿਆਸੀ ਰੰਗਮੰਚ ਅਸਤੁੰਲਤਾ ਦੇ ਲੰਗੜੇਪਣ ਦਾ ਸਿਕਾਰ ਹੋ ਕੇ ਰਹਿ ਗਿਆ। ਤੇ ਇਸ ਵੇਲੇ ਦੇ ਸਿਆਸੀ ਥੀਏਟਰ ਦੇ ਨਾਅਰੇ ਨੇ ਪੰਜਾਬੀ ਸਿਆਸੀ ਰੰਗਮੰਚ ਨੂੰ ਦੂਜੀ ਲੱਤੋਂ ਵੀ ਲੰਗੜਾ ਕਰ ਦਿੱਤਾ।

ਆਜ਼ਾਦੀ ਤੋਂ ਪਹਿਲਾਂ ਕੌਮੀ ਪੱਧਰ ਤੇ ਖੱਬੀਆਂ ਪਾਰਟੀਆਂ ਕੋਲ ਇੱਕੋ ਇੱਕ ਸਿਆਸੀ ਰੰਗਮੰਚ – "ਇਪਟਾ" ਸੀ। ਜਿਸ ਦੀ ਸ਼ਾਖ ਪੰਜਾਬ ਵਿੱਚ ਵੀ ਸੀ। ਇਸ ਥੀਏਟਰ (ਇਪਟਾ) ਨੇ ਪੰਜਾਬ ਦੇ ਅਮੀਰ ਵਿਰਸੇ ਤੇ ਸਿਆਸੀ ਘੋਲਾਂ ਦੇ ਸੁਨੇਹੇ ਨੂੰ ਅਵਾਮ ਤੱਕ ਸਤੁੰਲਿਤ, ਕਲਾਤਮਕ, ਸ਼ਕਤੀਸ਼ਾਲੀ ਤੇ ਪ੍ਰੇਰਨਾਮਈ ਢੰਗ ਨਾਲ ਪਹੁੰਚਾਇਆ। ਉਸ ਵੇਲੇ ਦੀਆ ਸਿਆਸੀ ਜਦੋਂ ਜਹਿਦਾਂ ਪਿਛੇ ਸਿਧਾਂਤ ਤੇ ਨਿਸ਼ਾਨੇ ਦੀ ਸਪਸ਼ਟਤਾ ਹੋਣ ਕਰਕੇ ਇਪਟਾ ਨੇ ਸਿਆਸੀ ਰੰਗਮੰਚ ਨੂੰ ਵਿਸ਼ੇ ਤੇ ਤਕਨੀਕ ਪੱਖੋਂ ਬੁਲੰਦੀ ਤੱਕ ਪਹੁਚਾ ਦਿੱਤਾ।

ਪਰ ਅਜੋਕਾ ਪੰਜਾਬੀ ਸਿਆਸੀ ਰੰਗਮੰਚ ਇਪਟਾ ਵਾਂਗ ਸਤੁੰਲਿਤ ਰੂਪ ਵਿੱਚ ਵਿਕਾਸ ਨਹੀਂ ਕਰ ਸਕਿਆ। ਕਮਿਊਨਿਸਟ ਪਾਰਟੀਆਂ ਦੇ ਡਰਾਮਾ-ਸੁਕੈਡ ਭਾਵੇਂ ਗੁਰਸ਼ਰਨ ਸਿੰਘ ਦੇ ਨਾਟਕਾਂ ਵਾਂਗ ਪਿੰਡਾਂ ਦੇ ਪਿੰਡ ਖਿੱਚਣ ਦੇ ਸਮਰਥ ਹਨ, ਪਰ ਨਿਰੋਲ ਪਾਰਟੀ-ਪਰਚਾਰ ਦਾ ਮੰਤਵ ਲਈ ਬਣਾਏ ਇਹ ਸੁਕੈਡ ਤੇ ਫਿਰ ਨਾਟਕੀ ਤਕਨੀਕ ਦੀ ਘਾਟ, ਪੰਜਾਬ ਦੇ ਸਿਆਸੀ ਰੰਗਮੰਚ ਦੀ ਪਰੰਪਰਾ ਨੂੰ ਇਹ ਵਿਕਸਤ ਨਹੀਂ ਕਰ ਸਕਦੇ।

ਪੰਜਾਬ ਦਾ ਸਿਆਸੀ ਰੰਗਮੰਚ ਨੂੰ ਪਿੰਡਾਂ ਦੀਆ ਸੱਥਾਂ ਤੱਕ ਲੈ ਕੇ ਜਾਣ ਵਾਲਾ ਸਿਆਸੀ ਰੰਗਮੰਚ ਦਾ ਇੱਕ ਹੋਰ ਰੂਪ – ਅੰਮ੍ਰਿਤਸਰ ਨਾਟਕ ਕਲਾ ਕੇਂਦਰ – ਹੈ। ਜਿਸ ਨੇ ਪਹਿਲਾਂ ਦਸੇ ਜਾ ਚੁੱਕੇ ਇਸ ਸਦੀ ਦੇ ਸਤਵੇਂ ਦਹਾਕੇ ਵਿੱਚ ਸਿਆਸੀ ਰੰਗਮੰਚ ਦੇ ਨਾਅਰੇ ਨੂੰ ਸਭ ਨਾਲੋਂ ਜਿਆਦਾ ਬੁਲੰਦ ਕੀਤਾ। ਇਸ ਕੇਂਦਰ ਦੇ ਸੰਚਾਲਕ ਸ: ਗੁਰਸ਼ਰਨ ਸਿੰਘ ਨੇ ਸਿਆਸੀ ਰੰਗਮੰਚ ਦੇ ਨਾਲ ਨਾਲ ਧਾਰਮਿਕ ਰੰਗਮੰਚ ਦੀ ਲਹਿਰ ਵੀ ਇਸ ਅਰਸੇ ਦੁਰਾਨ ਚਾਲੂ ਕੀਤੀ। ਭਾਵੇਂ ਕਿ ਇਸ ਲਹਿਰ ਪ੍ਰਤੀ ਸ: ਗੁਰਸ਼ਰਨ ਸਿੰਘ ਦੀ ਸੁਹਿਰਦਤਾ ਤੇ ਰੱਤੀ ਭਰ ਵੀ ਸ਼ੱਕ ਨਹੀਂ ਕੀਤਾ ਜਾ ਸਕਦਾ। ਪਰ ਜਿਨ੍ਹਾਂ ਸਿਆਸੀ ਲਹਿਰਾਂ ਦੇ ਸਿਧਾਂਤਕ ਆਸਾਰ ਦੀ ਉਪਜ ਸ: ਗੁਰਸ਼ਰਨ ਸਿੰਘ ਦਾ ਇਹ ਸਿਆਸੀ ਤੇ ਧਾਰਮਿਕ ਰੰਗਮੰਚ ਹੈ, ਉਹ ਲਹਿਰ ਦੀ ਸਿਧਾਂਤਕ ਅਸਪਸ਼ਟਤਾ ਕਰਕੇ ਅਸਤੁੰਲਤਾ ਦਾ ਸ਼ਿਕਾਰ ਹੋ ਕੇ ਰਹਿ ਗਿਆ। ਪੰਜਾਬ ਦਾ ਸਿਆਸੀ ਮਸਲਿਆ ਪ੍ਰਤੀ ਪਹੁੰਚ ਉਪਭਾਵਕਤਾ ਦੀ ਪੱਧਰ ਤੱਕ ਚਲੀ ਜਾਣ ਕਰਕੇ ਉਸ ਦੇ ਨਾਟਕ ਨਿਰੋਲ ਭਾਸ਼ਣ ਹੋ ਹ ਨਿਬੜਦੇ ਹਨ – ਭਾਵੇਂ ਇਹ ਕਿਤਨੇ ਵੀ "ਸ਼ਕਤੀਸ਼ਾਲੀ ਤਰੀਕੇ" ਨਾਲ ਪੇਸ਼ ਕੀਤੇ ਜਾਣ। ਕਿਉਂਕਿ ਸ਼ਕਤੀਸ਼ਾਲੀ ਤਰੀਕਾ ਤਾਂ ਭਾਸ਼ਣ ਵੇਲੇ ਇੱਕ ਨੇਤਾ ਵੀ ਅਪਨਾਅ ਸਕਦਾ ਹੈ ਪਰ ਨਾਟਕਕਾਰ ਤੇ ਨੇਤਾ ਦੀ ਗੁਫਤਗੂ ਵਿੱਚ ਢੇਰ ਅੰਤਰ ਹੈ। ਇਹੀ ਅਸਾਵਾਪਨ ਗੁਰਸ਼ਰਨ ਸਿੰਘ ਦੇ ਧਾਰਮਿਕ ਨਾਟਕਾਂ ਵਿੱਚ ਰੜਕਦਾ ਹੈ। ਪੰਜਾਬ ਦੇ ਧਾਰਮਿਕ ਵਿਰਸੇ ਦੀ ਅਮੀਰੀ ਨੂੰ ਪੇਸ਼ ਕਰਦਿਆਂ ਉਹ ਤਿਲਕਣਬਾਜੀ ਵਿੱਚ ਪੈ ਜਾਂਦੇ ਹਨ। (ਇਹੀ ਹਾਲ ਪੰਜਾਬੀ ਆਲੋਚਨਾ ਵਿੱਚ ਪ੍ਰੋ: ਕਿਸ਼ਨ ਸਿੰਘ ਦਾ ਹੈ) ਇਹੀ ਤਿਲਕਣਬਾਜੀ ਉਨ੍ਹਾਂ ਨੂੰ "ਜਨਵਾਦੀ ਪਹੁੰਚ" ਤੇ "ਪ੍ਰੋਲੇਤਾਰੀ ਪਹੁੰਚ" ਵਿੱਚ ਫ਼ਰਕ ਨਹੀਂ ਕਰਨ ਦਿੰਦੀ। ਗੱਲ ਕੀ ? ਸ: ਗੁਰਸ਼ਰਨ ਸਿੰਘ ਨੂੰ ਧਾਰਮਿਕ ਰੰਗਮੰਚ ਪ੍ਰਤੀ ਪਹੁੰਚ ਨੂੰ ਦਰੁਸਤ ਕਰਨਾ ਹੀ ਪਵੇਗਾ।

ਅਰਥਾਤ ਪਦਾਰਥਵਾਦੀ ਤੇ ਵਿਚਾਰਵਾਦੀ ਸੰਕਲਪਾਂ ਦਾ ਨਿਖੇੜਾ ਧਾਰਮਿਕ ਨਾਟਕਾਂ ਵਿੱਚ ਸਪਸ਼ਟ ਹੋਣਾ ਚਾਹੀਦਾ ਹੈ।

ਜੇਕਰ ਇੰਜ ਹੀ ਉਪਭਾਵਕਤਾ ਤੇ ਤਿਲਕਣਬਾਜੀ ਸ: ਗੁਰਸ਼ਰਨ ਸਿੰਘ ਦੇ ਨਾਟਕਾਂ ਵਿੱਚ ਚਲਦੀ ਰਹੀ ਤਾਂ ਜਿਸ ਤਰ੍ਹਾਂ ਕੋਈ ਸਿਆਸੀ ਲਹਿਰ ਸਿਧਾਂਤਕ ਕਚਿਆਈ ਕਰਕੇ ਚੰਗੇ ਸਿੱਟੇ ਕਢਣ ਤੋਂ ਅਸਮਰਥ ਹੁੰਦੀ ਹੈ, ਇਸੇ ਤਰ੍ਹਾਂ ਸ: ਗੁਰਸ਼ਰਨ ਸਿੰਘ ਦੇ ਨਾਟਕ ਪੰਜਾਬ ਦੇ ਸਿਆਸੀ ਤੇ ਧਾਰਮਿਕ ਰੰਗਮੰਚ ਦੀ ਲਹਿਰ ਵਿੱਚ ਪਾਏਦਾਰੀ ਨਹੀਂ ਲਿਆ ਸਕਦੇ ਤੇ ਇਸ ਦੇ ਨਾਲ ਹੀ ਅਜੇਹਾ ਰੰਗਮੱਚ ਆਪਣੇ ਲੋਕਾਂ ਲਈ ਇਤਿਹਾਸਕਰੋਲ ਅਦਾ ਨਹੀਂ ਕਰ ਸਕਦਾ।ਪੰਜਾਬ ਦਾ ਸਿਆਸੀ ਰੰਗਮੰਚ ਅਸਤੁੰਲਨ ਦਾ ਸ਼ਿਕਾਰ ਹੀ ਬਣਿਆ ਰਹੇਗਾ। ਅੱਜ ਸਮੇਂ ਦੀ ਲੋੜ ਹੈ ਕਿ ਸਾਰੀਆਂ ਪ੍ਰਤੀਬੱਧ ਨਾਟਕ-ਮੰਡਲੀਆ ਤੇ ਖੱਬੀਆਂ ਸ਼ਕਤੀਆਂ ਇਪਟਾ ਵਾਂਗ ਸਤੁੰਲਿਤ ਸਿਆਸੀ ਰੰਗਮੰਚ ਦੀ ਸੰਗਠਿਤ ਉਸਾਰੀ ਸੰਬੰਧੀ ਠੋਸ ਕਦਮ ਪੁੱਟਕੇ ਪੰਜਾਬ ਦੇ ਸਿਆਸੀ ਰੰਗਮੰਚਨੂੰ ਬੰਗਾਲੀ ਸਿਆਸੀ ਥੀਏਟਰ ਦੇ ਬਰਾਬਰ ਲਿਆਉਣ ਲਈ ਜ਼ਰੂਰ ਹੀਲਾ ਕਰਨ।

# ਬੰਬਈ ਦੀ ਇਪਟਾ ਵਿਚ ਫੁੱਟ

ਚਾਲ੍ਹੀ ਸਾਲ ਹੋਏ ਇਪਟਾ (INDIAN PEOPLES THEATRE ASSOCIATON) ਇਕ ਸਭਿਆ-ਚਾਰਕ ਸੰਸਥਾ ਹੋਂਦ ਵਿਚ ਆਈ ਜਿਸਦਾ ਨਿਸ਼ਾਨਾ ਸੀ ਕਿ ਫਾਸ਼ੀਵਾਦ ਵਿਰੁਧ ਕਲਾਕਾਰਾਂ ਨੂੰ ਚੇਤਣ ਕੀਤਾ ਜਾਏ। ਇਸ ਸੰਸਥਾਂ ਦੀ ਸੋਚ ਸਪਸ਼ਟ ਤੌਰ ਤੇ ਖੱਬੇ ਪੱਖੀ ਸੀ। ਜੇ ਇਸ ਤਰ੍ਹਾਂ ਕਹਿ ਲਈ ਏ ਕਿ ਆਉਣ ਵਾਲੇ ਸਮੇਂ ਵਿਚ ਇਹ ਸੰਸਥਾ ਕਮਿਉਨਿਸਟ ਪਾਰਟੀ ਆਫ ਇੰਡੀਆ ਦਾ ਇਕ ਸਭਿਆਚਾਰਕ ਖੇਤਰ ਵਿਚ ਬਾਕਾਇਦਾ ਪੁਲੀਟੀਕਲ ਵਿੰਗ ਸੀ ਤਾਂ ਇਹ ਕੋਈ ਅਤਿਕਥਨੀ ਨਹੀਂ ਹੋਵੇਗੀ। ਇਹ ਸੰਸਥਾਂ ਫ਼ਖ਼ਰ ਕਰ ਕਰਦੀ ਹੈ ਕਿ ਹਿੰਦੁਸਤਾਨ ਦੇ ਨਾਮਵਰ ਕਲਾਕਾਰ ਇਸ ਦੇ ਨਾਲ ਸੰਬਧਤ ਰਹੇ ਹਨ। ਬਲਰਾਜ ਸਾਹਨੀ ਵਰਗੇ ਕਲਾਕਾਰ ਇਸ ਸੰਸਥਾਂ ਦੀ ਦੇਣ ਹਨ। 1943 ਦੇ ਬੰਗਾਲ ਦੇ ਭਿਆਨਕ ਕਾਲ ਬਾਰੇ ਇਪਟਾ ਦੇ ਕਲਾਕਾਰਾਂ ਨੇ ਮਿਲਕੇ ਇਕ ਕਲਾਸਕੀ ਪੱਧਰ ਦੀ ਫਿਲਮ 'ਧਰਤੀ ਦੇ ਲਾਲ' ਬਣਾਈ ਸੀ ਇਸ ਉਤੇ ਅੰਗਰੇਜ਼ ਸਰਕਾਰ ਨੂੰ ਪਾਬੰਦੀ ਲਗਾਉਣੀ ਪਈ। ਸਾਮਰਾਜਵਾਦ ਵਿਰੁਧ ਇਸ ਸੰਸਥਾਂ ਦੇ ਕਲਾਕਾਰਾਂ ਦੀ ਆਪਣੀਆਂ ਸ਼ਾਨਦਾਰ ਰਵੈਤਾ ਹਨ। ਆਜ਼ਾਦੀ ਤੋਂ ਬਾਅਦ ਵੀ ਕੁਝ ਸਾਲ ਇਸ ਸੰਸਥਾਂ ਨੇ ਫ਼ਖ਼ਰਯੋਗ ਕੰਮ ਕੀਤਾ। ਪਰ ਸਮੇਂ ਦੇ ਨਾਲ ਜਿਉਂ ਜਿਉਂ ਕਾਮਉਨਿਸਟ ਪਾਰਟੀ ਦੀਆਂ ਪਾਲਸੀਆਂ ਵਿਚ ਤਬਾਦੀਲੀਆ ਆਂਦੀਆ ਗਈਆ, ਇਪਟਾ ਦੇ ਕਲਾਕਾਰਾਂ ਲਈ ਇਹ ਪਾਰਟੀ ਪ੍ਰੇਰਨਾ ਸਰੋਤ ਨਾ ਰਹੀ ਤੇ ਇਸ ਸੰਸਥਾਂ ਦਾ ਸਿਧਾਂਤਕ ਧੁਰਾ ਹਿਲ ਗਿਆ। ਨਤੀਜੇ ਦੇ ਤੌਰ ਤੇ ਇਹ ਇਕ ਜੀਂਦੀ ਜਾਗਦੀ ਸੰਸਥਾ ਬਿਲਕੁਲ ਖਤਮ ਹੋ ਗਈ ਜਾਂ ਅਪਾਹਜਾ ਵਾਂਗ ਹੀ ਚਲਦੀ ਰਹੀ।

ਬੰਬਈ ਦੀ ਇਪਟਾ ਇਸ ਸੰਸਥਾਂ ਦੀ ਇਕ ਐਸੀ ਬਰਾਂਚ ਕਹੀ ਜਾ ਸਕਦੀ ਸੀ ਕਿ ਜਿਸ ਨੇ ਸਾਰੇ ਝੁੱਖੜ ਆਪਣੇ ਉਤੋਂ ਦੀ ਲੰਘਾਏ ਅਤੇ ਆਪਣੇ ਆਪ ਨੂੰ ਕਾਇਮ ਰਖਿਆ। ਪਰ ਹੁਣ ਇਥੇ ਵੀ ਇਸ ਸੰਸਥਾ ਦੇ ਟੁੱਟ-ਭੱਜ ਦੇ ਆਸਾਰ ਦਿਸ ਪਏ ਹਨ। ਇਹਦੇ ਤਿਨ ਮਹਾਂ ਰਥੀਆਂ ਆਰ. ਐਮ. ਸਿੰਘ, ਹੰਗਲ, ਕੈਫ਼ੀ ਆਜਮੀ ਵਿਚੋਂ ਆਰ. ਐਮ. ਸਿੰਘ ਨੇ ਇਸ ਸੰਸਥਾਂ ਤੋਂ ਆਪਣੇ ਆਪ ਨੂੰ ਵੱਖ ਕਰ ਲਿਆ ਹੈ ਤੇ ਆਪਣਾ ਅਵਾਮੀ ਥੀਏਟਰ ਬਣਾ ਲਿਆ ਹੈ। ਆਰ. ਐਮ. ਸਿੰਘ ਇਸ ਸੰਸਥਾ ਦੀ ਜਿੰਦਜਾਨ ਕਿਹਾ ਜਾ ਸਕਦਾ ਸੀ ਇਪਟਾ ਵਲੋਂ ਪੇਸ਼ ਕੀਤੇ ਗਏ ਬਹੁਤ ਸਾਰੇ ਨਾਟਕਾਂ ਦੀ ਨਿਰਦੇਸ਼ਨਾ ਆਰ. ਐਮ, ਸਿੰਘ ਨੇ ਹੀ ਕੀਤੀ ਹੈ। ਉਸ ਦਾ ਇਲਜ਼ਾਮ ਹੈ ਕਿ ਇਹ ਸੰਸਥਾਂ ਮਾਰਕਸੀ ਵਿਚਾਰਧਾਰਾ ਨਾਲ ਵਚਣਬੰਧ ਨਹੀਂ ਰਹੀ। ਇਸ ਦੇ ਉਤਰ ਵਿਰੋਧੀ ਕਹਿੰਦੇ ਹਨ ਕਿ ਅਸੀਂ ਕਦੋਂ ਇਹ ਦਾਅਵਾ ਕਰਦੇ ਹਾਂ ? ਅਸੀਂ ਤਾਂ ਇਥੇ ਸਿਰਫ ਅਜੋਕੇ ਵਕਤ ਦਾ ਮਾਡਰਨ ਥੀਏਟਰ ਕਰਨ ਆਏ ਹਾਂ।

ਇਪਟਾ ਦਾ ਇਤਿਹਾਸ ਦਸਦਾ ਹੈ ਕਿ ਇਸ ਸੰਸਥਾਂ ਦੇ ਪੱਤਨ ਦੀ ਵਡੀ ਜ਼ਿਮੇਵਾਰੀ ਕਮਿਊਨਿਸਟ ਪਾਰਟੀ ਤੇ ਆਂਦੀ ਹੈ ਜਿਸ ਨੇ ਸੰਸਥਾਂ ਦੀ ਕਾਰਗੁਜ਼ਾਰੀ ਵਿਚ ਸਿਧਾ ਦਖਲ ਦੇਣ ਦੀ ਕੋਸ਼ਿਸ਼ ਕੀਤੀ। ਇਸ ਪਾਰਟੀ ਦੀ ਹਮੇਸ਼ਾ ਇਹ ਕੋਸ਼ਿਸ਼ ਰਹੀ ਹੈ ਕਿ ਇਪਟਾ ਦੇ ਕਲਾਕਾਰ ਉਹਦੀਆਂ ਹਦੈਤਾਂ ਮੁਤਾਬਿਕ ਚਲਣ। ਪਾਰਟੀ ਉਹ ਗਲ ਭੁਲਦੀ ਸੀ ਕਿ ਇਕ ਸਿਆਸੀ ਪਾਰਟੀ ਨੂੰ ਆਪਣੀ ਹੋਂਦ ਕਾਇਮ ਰਖਣ ਲਈ ਕਈ ਕਿਸਮ ਦੀ ਪੈਂਤੜੇਬਾਜ਼ੀ ਕਰਨੀ ਪੈਂਦੀ ਹੈ ਪਰ ਇਕ ਬਾਜ਼ਮੀਰ ਕਲਾਕਾਰ ਆਪਣੇ ਆਪ ਨੂੰ ਇਹਨਾਂ ਪੈਂਤੜੇਬਾਜ਼ੀਆਂ ਅਨੁਸਾਰ ਨਹੀਂ ਢਾਲ ਸਕਦਾ ਅਤੇ ਤੰਗ ਆ ਕੇ ਉਹ ਸੰਸਥਾਂ ਤੋਂ ਹੀ ਕਿਨਾਰਾਕਸ਼ੀ ਕਰ ਲੈਂਦਾ ਹੈ। ਇਸ ਦੇ ਉਲਟ ਜੇਕਰ ਕਿਸੇ ਸੰਸਥਾਂ ਲਈ ਕੋਈ ਸਿਧਾਂਤਕ ਧੁਰਾ ਨਹੀਂ ਰਹਿੰਦਾ, ਜਿਹੜਾ ਸਾਰੇ ਮੈਂਬਰਾਂ ਨੂੰ ਇਕੱਠੇ ਰਖਣ ਲਈ ਪ੍ਰੇਰਨਾ ਸਰੋਤ ਹੋਵੇ ਤਾਂ ਵੀ ਸੰਸਥਾਂ ਖੇਰੂੰ ਖੇਰੂੰ ਹੋ ਜਾਂਦੀ ਹੈ। ਕਮਿਊਨਿਸਟ ਪਾਰਟੀ ਦੀ ਅਸਫਲਤਾ ਇਸ ਵਿਚ ਹੈ ਕਿ ਉਹ ਦੋਨੋਂ ਪੱਖਾਂ ਨੂੰ ਮੁਖ ਰਖ ਕੇ ਕੋਈ ਸਾਂਵੀ ਨੀਤੀ ਨਹੀਂ ਆਪਣਾ ਸਕੀ। ਬੰਬਈ ਇਪਟਾ ਦਾ ਸੰਕਟ ਇਸ ਗਲ ਦੀ ਮਿਸਾਲ ਹੈ।

ਆਰ. ਪੀ. ਸਿੰਘ ਦਾ ਕਹਿਣਾ ਹੈ ਕਿ ਉਹ ਹੁਣ ਆਪਣੇ ਅਵਾਮੀ ਥੀਏਟਰ ਨੂੰ ਮਜ਼ਦੂਰ ਬਸਤੀਆਂ ਵਿਚ ਲੈ ਕੇ ਜਾਏਗਾ। ਉਹ ਜਦੋਂ ਥੀਏਟਰ ਦੀ ਚਾਰ ਦੀਵਾਰੀ ਤੋਂ ਬਾਹਰ ਨਿਕਲ ਕੇ ਗਲੀਆਂ ਮੁਹਲਿਆਂ ਵਿਚ ਥੀਏਟਰ ਕਰੇਗਾ ਤਾਂ ਉਹ ਆਪਣੀ ਕਲਾ ਦੀ ਪੱਧਰ ਨੂੰ ਕਾਇਮ ਰਖਣ ਲਈ ਕੀ ਨੰਵੀਆ ਤਕਨੀਕਾਂ ਆਪਣਾਉਂਦਾ ਹੈ? ਉਹਨੂੰ ਕਿਨੀ ਕਾਮਯਾਬੀ ਹੁੰਦੀ ਹੈ? ਉਹ ਕਿਨੀ ਦੇਰ ਚਲਦਾ ਹੈ? ਇਹ ਥੀਏਟਰ ਕਰਨ ਵਾਲਿਆਂ ਲਈ ਇਕ ਦਿਲਚਸਪ ਵਿਸ਼ਾ ਹੋਵੇਗਾ।

[ਗ. ਸ.]

(ਇੰਡੀਆ ਟੂ-ਡੇ ਜੂਨ ਅੰਕ ਦੀ ਇਕ ਰੀਪੋਰਟ ਤੇ ਆਧਾਰਤ)

o o o

ਸਵੈਮਾਚੀ ਦੇ ਲੇਖਾਂ ਦਾ ਸੰਗ੍ਰਿਹ ਪਹਿਲੀ ਵਾਰ ਪੰਜਾਬੀ ਵਿਚ ਇਕ ਵਡੀ ਪੁਸਤਕ ਦੇ ਰੂਪ ਵਿਚ

## ਸੂਹੀ ਸਵੇਰ

ਇਸ ਵਿਚ ਸਮਾਜ ਨੂੰ ਬਦਲ ਦਿਓ, ਮੇਰੀ ਦੁਨੀਯਾ ਦੀ ਕਹਾਣੀ, ਇਹ ਸਭ ਕਿਉਂ? ਸਮਾਜ ਦਾ ਵਿਕਾਸ, ਰਾਜ ਸੱਤਾ, ਧਰਮ, ਅਸੀਂ ਕੀ ਕਰੀਏ –

ਸਾਧਾਰਨ ਲੋਕਾਂ ਦੀ ਸਮਝ ਲਈ ਲਿਖੇ ਖਾਸ ਲੇਖ ਹਨ –

ਪੰਜਾਬੀ ਅਨੁਵਾਦ ਗੁਰਬਖ਼ਸ਼ ਜੱਸ਼

ਸਫੇ 212 – ਕੀਮਤ 5,00

ਨੋਟ : ਸੂਹੀ ਸਵੇਰ ਨਾਂ ਦੇ ਹੇਠ ਸਵੈਸਾਚੀ ਦੀ ਪਹਿਲੀ ਇਕ ਛੋਟੀ ਕਿਤਾਬ ਛਪ ਚੁੱਕੀ ਹੈ, ਪਰ ਉਹ ਇਕ ਹੀ ਲੇਖ 'ਇਹ ਸਭ ਕਿਉਂ' ਦਾਂ ਅਨੁਵਾਦ ਸੀ। ਹੁਣ ਛੱਪੀ 'ਸੂਹੀ ਸਵੇਰ' ਉਹਦੀਆਂ ਤਿੰਨ ਕਿਤਾਬਾਂ ਦਾ ਅਨੁਵਾਦ ਹੈ।

ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ

# ਸਮਾਜਵਾਦੀ ਪਲੈਨਿੰਗ ਤੇ ਸਰਮਾਏਦਾਰੀ ਪਲੈਨਿੰਗ

ਚੀਨ ਵਿਚ ਵਾਪਰੀ ਕਿਸੇ ਵੀ ਘਟਨਾ ਦੀ ਜਦੋਂ ਕੋਈ ਖਬਰ ਆਉਂਦੀ ਹੈ ਤਾਂ ਸਾਡਾ ਪ੍ਰੈਸ ਉਸ ਨੂੰ ਇਸ ਤਰ੍ਹਾਂ ਉਛਾਲਦਾ ਹੈ ਜਿਸ ਤਰ੍ਹਾਂ ਕਿ ਚੀਨ ਵਿਚ ਇਕ ਭਾਰੀ ਉੱਥਲ ਪੁੱਥਲ ਹੋ ਰਹੀ ਹੈ। ਚੀਨ ਦੀ ਪਾਰਟੀ ਵਾਲੇ ਕਹਿ ਰਹੇ ਹਨ ਕਿ ਮਾਓ ਨੇ ਬੜੀਆਂ ਗ਼ਲਤੀਆਂ ਕੀਤੀਆਂ ਹਨ। ਮਾਓਵਾਦ ਫੇਲ੍ਹ ਹੋ ਗਿਆ ਹੈ ਆਦਿਕ। ਸਰਮਾਏਦਾਰੀ ਪ੍ਰੈਸ ਦੀ ਇਹ ਸੋਚੀ ਸਮਝੀ ਸਾਜ਼ਸ਼ ਹੈ। ਇਹਦੀ ਮਦਦ ਲਈ ਹੁਣ ਸੀ.ਪੀ.ਆਈ. ਤੇ ਮਾਰਕਸੀ ਪਾਰਟੀ ਦੇ ਅਦਾਰੇ ਵੀ ਮੈਦਾਨ ਵਿਚ ਆ ਗਏ ਹਨ ਅਤੇ ਇਹ ਪ੍ਰਭਾਵ ਦੇਣ ਦਾ ਯਤਨ ਕਰਦੇ ਹਨ ਕਿ ਚੀਨ ਦੀ ਆਰਥਿਕਤਾ ਤਹਿਸ਼ ਨਹਿਸ਼ ਹੋ ਗਈ ਹੈ। ਇਸ ਤੋਂ ਪਹਿਲੇ ਰੂਸ ਵੇਲੇ ਵੀ ਜਦੋਂ ਇਨਕਲਾਬ ਦੇ ਬਾਅਦ ਰੂਸ ਆਪਣੀ ਉਸਾਰੀ ਕਰ ਰਿਹਾ ਸੀ ਤਾਂ ਦੁਨੀਆਂ ਦਾ ਸਰਮਾਏਦਾਰ ਪ੍ਰੈਸ ਆਪਣੇ ਲੋਕਾਂ ਨੂੰ ਇਹ ਪ੍ਰਭਾਵ ਦੇਂਦਾ ਸੀ ਕਿ ਰੂਸ ਹੁਣ ਤਬਾਹ ਹੋਇਆ ਕਿ ਹੋਇਆ। ਆਪਣੀ ਪਾਰਟੀ ਦੇ ਅੰਦਰ ਜੇਕਰ ਰੂਸ ਵਾਲਿਆਂ ਨੇ ਕੋਈ ਤਬਦੀਲੀ ਕਰਨੀ ਤਾਂ ਖਬਰ ਉਛਾਲੀ ਜਾਂਦੀ ਕਿ ਰੂਸ ਵਿਚ ਤਾਨਾਸ਼ਾਹੀ ਰਾਜ ਹੈ, ਜਿਥੇ ਮੁਖ਼ਾਲਿਫਾਂ ਨੂੰ ਇਕ ਇਕ ਕਰਕੇ ਖ਼ਤਮ ਕੀਤਾ ਜਾ ਰਿਹਾ ਹੈ। ਪਰ ਦੁਨੀਆਂ ਨੇ ਵੇਖਿਆ ਕਿ ਪੰਦਰਾਂ ਵੀਹ ਸਾਲਾਂ ਦੇ ਅੰਦਰ ਅੰਦਰ ਰੂਸ ਕਿਸ ਤਰ੍ਹਾਂ ਇਕ ਵਡੀ ਤਾਕਤ ਬਣ ਕੇ ਉਭਰਿਆ।

ਲੋਕਾਂ ਲਈ ਜ਼ਰੂਰੀ ਹੈ ਕਿ ਚੀਨ ਤੋਂ ਆਈਆਂ ਖਬਰਾਂ ਦੀ ਘੋਖ ਕਰਨ ਕਿਉਂਕਿ ਚੀਨ ਦੀ ਸਰਕਾਰ ਵਲੋਂ ਅਤੇ ਸਾਡੀ ਆਪਣੀ ਸਰਕਾਰ ਵਲੋਂ ਪਿਛਲੇ ਤੀਹ ਸਾਲਾਂ ਤੋਂ ਅਪਣਾਈਆਂ ਗਈਆਂ ਆਰਥਕ ਨੀਤੀਆਂ ਹੁਣ ਸਪਸ਼ਟ ਤੌਰ ਤੇ ਆਪਣੇ ਨਤੀਜੇ ਕਢ ਰਹੀਆਂ ਹਨ ਤੇ ਇਹਨਾਂ ਦਾ ਮੁਕਾਬਲਾ ਸਾਡੇ ਲਈ ਜ਼ਰੂਰੀ ਹੋ ਗਿਆ ਹੈ। ਚੀਨ ਅਤੇ ਹਿੰਦੋਸਤਾਨ ਦੇ ਅਜੋਕੇ ਸਮਾਜ ਦਾ ਇਤਿਹਾਸ ਤਕਰੀਬਨ ਇਕੱਠਾ ਸ਼ੁਰੂ ਹੁੰਦਾ ਹੈ। ਹਿੰਦੋਸਤਾਨ ਦੀ ਵਾਗਡੋਰ ਜਵਾਹਰ ਲਾਲ ਦੀ ਕਾਂਗਰਸ ਪਾਰਟੀ ਕੋਲ ਸੀ ਅਤੇ ਚੀਨ ਦੀ ਵਾਗਡੋਰ ਮਾਓ ਦੀ ਕਮਿਊਨਿਸਟ ਪਾਰਟੀ ਕੋਲ ਸੀ। ਦੋਨੋਂ ਪੱਛੜੇ ਹੋਏ ਦੇਸ਼ ਸਨ। ਇਹਨਾਂ ਦੀ ਖੇਤੀ ਅਤੇ ਸਨਅਤ ਦੂਸਰੇ ਮੁਲਕਾਂ ਦੇ ਮੁਕਾਬਲੇ ਬਿਲਕੁਲ ਹੀ ਪਿਛੇ ਸੀ। ਦੋਨੋਂ ਮੁਲਕਾਂ ਨੇ 19:0 ਦੇ ਨੇੜੇ ਆਪਣੇ ਮੁਲਕਾਂ ਲਈ ਪੰਜ ਸਾਲਾਂ ਪਲੈਨਾਂ ਬਣਾਈਆਂ। ਹਿੰਦੋਸਤਾਨ ਦੀ ਪਲੈਨਿੰਗ ਇਕ ਸਰਮਾਏਦਾਰੀ ਪਲੈਨਿੰਗ ਸੀ। ਕਾਂਗਰਸ ਪਾਰਟੀ ਨੇ ਆਜ਼ਾਦੀ ਦੇ ਸੰਘਰਸ਼ ਵਿਚ ਭਾਵੇਂ ਆਪਣੇ ਲੋਕਾਂ ਲਈ ਨਾਅਰਾ ਦਿਤਾ ਸੀ ਕਿ ਉਹ ਜ਼ਮੀਨੀ ਸੁਧਾਰ ਕਰਨਗੇ ਅਤੇ ਜ਼ਮੀਨ ਦੀ ਮਲਕੀਅਤ ਹਲਵਾਹਕਾਂ ਦੀ ਹੋਵੇਗੀ। ਪਰ ਜਦੋਂ ਪਲੈਨਿੰਗ ਦੀ ਵਾਰੀ ਆਈ ਤਾਂ ਉਹ ਬਿਲਕੁਲ ਉਹੋ ਪਲੈਨਿੰਗ ਸੀ ਜਿਸ ਦਾ ਖਰੜਾ ਬਿਰਲਾ ਟਾਟਾ ਦੇ ਆਰਥਿਕ ਮਾਹਿਰਾਂ ਨੇ ਕਿਧਰੇ 1940 ਵਿਚ ਬਣਾਇਆ ਸੀ। ਉਹਨਾਂ ਨੇ ਆਖਿਆ ਕਿ ਹਿੰਦੋਸਤਾਨ ਜੇ ਖੇਤੀ ਵਿਚ ਤਰੱਕੀ ਕਰਨਾ ਚਾਹੁੰਦਾ ਹੈ ਤਾਂ ਉਹਨੂੰ ਜ਼ਮੀਨੀ ਸੁਧਾਰਾਂ ਦੇ ਖੋਖਲੇ ਨਾਅਰਿਆਂ ਵਲ ਨਹੀਂ ਪੈਣਾ ਚਾਹੀਦਾ। ਅਜ ਦੀ ਖੇਤੀ ਬਾੜੀ ਦੀ ਤਕਨੀਕ ਜਿਸ ਵਿਚ ਟਰੈਕਟਰ ਆਦਿਕ ਦੀ ਵਰਤੋਂ ਆਉਂਦੀ ਹੈ, ਉਹ ਮੰਗ ਕਰਦੀ ਹੈ ਕਿ ਜ਼ਮੀਨ ਦੀ ਮਲਕੀਅਤ ਬਹੁਤੀ ਤੋਂ ਬਹੁਤੀ ਹੋਵੇ। ਫ਼ਾਰਮ ਵਡੇ ਤੋਂ ਵਡੇ ਹੋਣ । ਇਸ ਲਈ ਜੇਕਰ ਹਿੰਦੋਸਤਾਨ ਖ਼ੁਰਾਕ ਦੇ ਮਾਮਲੇ ਤੇ ਆਪਾ ਨਿਰਭਰ ਹੋਣਾ ਚਾਹੁੰਦਾ ਹੈ ਤਾਂ ਉਹਨੂੰ ਇਹ ਜ਼ਮੀਨੀ ਸੁਧਾਰ ਵਾਲੇ ਐਵੇਂ ਹਵਾਈ ਪ੍ਰੋਗਰਾਮਾਂ ਵਿਚ

ਨਹੀਂ ਪੈਣਾ ਚਾਹੀਦਾ।

ਦੂਜੇ ਪਾਸੇ ਮਾਓ ਨੇ ਸਪਸ਼ਟ ਆਖਿਆ ਕਿ ਪਿੰਡ ਦੇ ਗ਼ਰੀਬਾਂ ਨੇ ਸਾਡੇ ਇਨਕਲਾਬ ਦਾ ਸਾਥ ਦਿਤਾ ਹੈ। ਸਦੀਆਂ ਤੋਂ ਉਹਨਾਂ ਨੂੰ ਜ਼ਮੀਨ ਦੀ ਮਲਕੀਅਤ ਤੋਂ ਵਾਂਝਿਆ ਰਖਿਆ ਗਿਆ ਹੈ। ਅਸਾਂ ਉਹਨਾਂ ਨੂੰ ਜ਼ਮੀਨ ਦਾ ਮਾਲਕ ਬਣਾਉਣਾ ਹੈ। ਅਸਾਂ ਉਹਨਾਂ ਨੂੰ ਜ਼ਮੀਨ ਵੰਡਣੀ ਹੈ। ਥੋੜਾ ਥੋੜਾ ਹਿੱਸਾ ਵੀ ਆਵੇਗਾ, ਉਹ ਜ਼ਮੀਨ ਨੂੰ ਆਪਣੀ ਸਮਝ ਕੇ ਉਹਦੇ ਤੋਂ ਵਧ ਤੋਂ ਵਧ ਪੈਦਾ ਕਰਨਗੇ। ਸਮਾਂ ਆਉਣ ਤੇ ਜੇਕਰ ਉਹ ਚਾਹੁਣ ਤਾਂ ਉਹ ਆਪਣੀ ਜ਼ਮੀਨ ਸਮੇਤ ਸਾਂਝੇ ਫਾਰਮਾਂ ਦੇ ਮੈਂਬਰ ਬਣ ਸਕਦੇ ਹਨ। ਚੀਨ ਵਿਚ ਇਸ ਤਰ੍ਹਾਂ ਹੀ ਕੀਤਾ ਗਿਆ। 70 ਕ੍ਰੋੜ ਦੀ ਕੌਮ ਨੂੰ ਇਕ ਅਨੁਸਾਸ਼ਨ ਥਲੇ ਲਿਆਂਦਾ ਗਿਆ।

ਇਸ ਵੇਲੇ ਹਿੰਦੋਸਤਾਨ ਵੀ ਅਤੇ ਚੀਨ ਵੀ ਖ਼ੁਰਾਕ ਵਲੋਂ ਆਪਣੇ ਪੈਰਾਂ ਤੇ ਖਲੋਤੇ ਹਨ ਤੇ ਉਹਨਾਂ ਨੂੰ ਨੂੰ ਬਾਹਰਲੇ ਮੁਲਕਾਂ ਵਲ ਨਹੀਂ ਝਾਕਣਾ ਪੈਂਦਾ। ਕਿਹਾ ਜਾ ਸਕਦਾ ਹੈ ਕਿ ਦੋਨਾਂ ਨੇ ਇਸ ਖੇਤਰ ਵਿਚ ਆਪਣੇ ਆਪਣੇ ਪਲੈਨਾਂ ਅਨੁਸਾਰ ਸਫਲਤਾ ਪ੍ਰਾਪਤ ਕੀਤੀ ਹੈ। ਫੇਰ ਫਰਕ ਕਿਥੇ ਏ ? ਫਰਕ ਇਥੇ ਹੈ ਕਿ ਜ਼ਾਹਰੀ ਸਫਲਤਾ ਹੋਣ ਤੇ ਵੀ ਹਾਲੇ ਹਿੰਦੋਸਤਾਨ ਦੀ ਬਹੁਤੀ ਪੇਂਡੂ ਆਬਾਦੀ ਭੁੱਖ-ਮਰੀ ਦੇ ਪੱਧਰ ਦੇ ਥਲੇ ਜੀ ਰਹੀ ਹੈ। ਅੰਕੜੇ ਕਹਿੰਦੇ ਹਨ ਕਿ ਗਿਣਤੀ 60 ਫੀ ਸਦੀ ਲੋਕਾਂ ਦੀ ਹੈ ਜਦੋਂ ਕਿ ਚੀਨ ਵਿਚ ਇਕ ਵੀ ਵਿਅਕਤੀ ਇਸ ਨੀਵੀਂ ਪੱਧਰ ਤੇ ਨਹੀਂ ਜੀ ਰਿਹਾ। ਜੋ ਗੱਲ ਖੇਤੀ ਦੀ ਹੈ, ਉਹੀ ਗਲ ਸਨਅਤ ਦੀ ਹੈ। ਦੋਨੋਂ ਮੁਲਕਾਂ ਨੇ ਸਨਅਤੀ ਖੇਤਰ ਵਿਚ ਹੈਰਾਨਕੁਨ ਤਰੱਕੀ ਕੀਤੀ ਹੈ – ਇਹਨਾਂ ਮੁਲਕਾਂ ਵਿਚ ਉਹ ਚੀਜ਼ਾਂ ਬਣ ਰਹੀਆਂ ਹਨ, ਜਿਨ੍ਹਾਂ ਦਾ ਸੁਪਨਾ ਵੀ 1950 ਵਿਚ ਨਹੀਂ ਲਿਆ ਜਾ ਸਕਦਾ ਸੀ। ਪਰ ਸਮਾਜਕ ਫਰਕ ਇਸ ਖੇਤਰ ਵਿਚ ਵੀ ਸਾਫ਼ ਹੈ। ਹਿੰਦੋਸਤਾਨ ਦੀ ਜੋ ਤਰੱਕੀ ਹੋਈ ਹੈ, ਉਹਦਾ ਲਾਭ ਸਿਰਫ਼ ਕੁਝ ਨੂੰ ਹੀ ਹੋਇਆ ਹੈ। ਬਹੁਤੀ ਲੋਕਾਈ ਹੋਰ ਗ਼ਰੀਬ ਅਤੇ ਬੇਰੁਜ਼ਗਾਰ ਹੀ ਹੋਈ ਹੈ ਪਰ ਚੀਨ ਵਿਚ ਜੋ ਵੀ ਤਰੱਕੀ ਹੋਈ ਹੈ, ਉਹਦਾ ਲਾਭ ਕੁਝ ਨੇ ਨਹੀਂ ਸਗੋਂ ਕੁਲ ਲੋਕਾਈ ਨੇ ਉਠਾਇਆ ਹੈ। ਚੀਨ ਦੀਆਂ ਸੜਕਾਂ ਤੇ ਹਿੰਦੋਸਤਾਨ ਵਾਂਗ ਬਹੁਤੀਆਂ ਕਾਰਾਂ ਅਤੇ ਸਕੂਟਰ ਨਹੀਂ ਇਸ ਦੇ ਬਹੁਤੇ ਲੋਕ ਸਾਈਕਲਾਂ ਤੇ ਹੀ ਦੇਖੇ ਜਾਂਦੇ ਹਨ ਪਰ ਇਹ ਗਲ ਨਹੀਂ ਭੁਲਣੀ ਚਾਹੀਦੀ (ਤੇ ਇਹ ਗੱਲ ਚੀਨ ਦੇ ਦੁਸ਼ਮਣ ਵੀ ਮਨਦੇ ਹਨ) ਕਿ ਉਹਦੇ ਬਾਜ਼ਾਰਾਂ ਵਿਚ ਹੁਣ ਕੋਈ ਮੰਗਤਾ ਨਹੀਂ, ਕੋਈ ਨੰਗਾ ਧੜੰਗਾ ਫਕੀਰ ਨਹੀਂ, ਕੋਈ ਚੀਥੜਿਆਂ ਵਿਚ ਗਰੀਬ ਨਹੀਂ। ਸਮਾਜਵਾਦੀ ਅਤੇ ਸਰਮਾਏਦਾਰੀ ਪਲੈਨਿੰਗ ਵਿਚ ਫਰਕ ਹੀ ਇਹੀ ਹੈ। ਸਮਾਜਵਾਦੀ ਪਲੈਨਿੰਗ ਦਾ ਕ੍ਰਿਸ਼ਮਾ ਰੂਸ ਵਾਲਿਆਂ ਨੇ ਵੇਖਿਆ ਜਦੋਂ ਪਹਿਲੇ ਵੀਹ ਸਾਲਾਂ ਵਿਚ ਇਕ ਪਛੜਿਆ ਹੋਇਆ ਦੇਸ਼ ਸੰਸਾਰ ਦੀ ਵਡੀ ਤਾਕਤ ਬਣ ਕੇ ਉਪਰ ਆਇਆ। ਹੁਣ ਚੀਨ ਵਾਲਿਆਂ ਨੇ ਵੇਖਿਆ ਕਿ ਕਥਿਤ ਅਫੀਮੀਆਂ ਦੀ ਕੌਮ ਇਕ ਮਾਨਮਤੀ ਕੌਮ ਦੀ ਹੈਸੀਅਤ ਵਿਚ ਦੁਨੀਆਂ ਦੀ ਬਰਾਦਰੀ ਵਿਚ ਸ਼ਾਮਿਲ ਹੋਈ।

ਇਕ ਭੁਲੇਖਾ ਸਾਡਾ ਪ੍ਰੈਸ ਹੋਰ ਪਾਉਣ ਦੀ ਕੋਸ਼ਿਸ਼ ਕਰਦਾ ਹੈ ਜਦੋਂ ਉਹ ਹਿੰਦੋਸਤਾਨ ਦੀ ਕੌਮੀ ਕੀਤੀ ਸਨਅਤ ਜਾ ਸਰਕਾਰ ਦੇ ਕੰਟਰੋਲ ਦੇ ਥਲੇ ਚਲਦੇ ਕਿਸੇ ਅਦਾਰੇ ਨੂੰ ਸੋਸ਼ਲਿਸਟ ਆਰਥਕਤਾ ਦਾ ਚਿੰਨ੍ਹ ਬਣਾਂਦਾ ਹੈ ਅਤੇ ਉਹਦਾ ਮੁਕਾਬਲਾ ਪ੍ਰਾਈਵੇਟ ਕੰਟਰੋਲ ਦੇ ਥਲੇ ਅਦਾਰਿਆਂ ਨਾਲ ਕਰਦਾ ਹੋਇਆ ਉਸ ਨੂੰ ਸਰਮਾਏਦਾਰੀ ਆਰਥਕਤਾ ਦਾ ਓਪਨ ਕੰਮਪੀਟੀਸ਼ਨ (ਖੁਲ੍ਹਾ ਮੁਕਾਬਲਾ) ਦਾ ਚਿੰਨ੍ਹ ਦੇਂਦਾ ਹੈ ਅਤੇ ਇਹ ਸਾਬਤ ਕਰਦਾ ਹੈ ਕਿ ਪ੍ਰਾਈਵੇਟ ਕੰਟਰੋਲ ਵਾਲੇ ਅਦਾਰੇ ਸਰਕਾਰੀ ਕੰਟਰੋਲ ਵਾਲੇ ਅਦਾਰਿਆਂ ਨਾਲੋਂ ਬਹੁਤੇ ਚੰਗੇ ਚਲ ਰਹੇ ਹਨ। ਇਹ ਮੁਕਾਬਲਾ ਸਰਾਸਰ ਬੇਈਮਾਨੀ ਹੈ, ਹਿੰਦੋਸਤਾਨ ਦੀ ਵਾਹਯਾਤ ਨੌਕਰਸ਼ਾਹੀ ਦੇ ਕੰਟਰੋਲ ਥਲੇ ਚਲਦਾ ਹਰ ਇਕ ਕੌਮੀ ਹੋਇਆ ਅਦਾਰਾ ਬੜੇ ਭੱਦੇ ਤਰੀਕੇ ਨਾਲ ਚਲ ਰਿਹਾ ਹੈ ਅਤੇ ਉਹਦਾ ਵਡਾ ਕਾਰਨ ਸਰਮਾਏਦਾਰੀ ਸਿਸਟਮ ਦਾ ਭ੍ਰਿਸ਼ਟਾਚਾਰੀ ਖ਼ਾਸਾ ਹੈ, ਜਿਥੇ ਦੌਲਤ ਹੀ ਸਾਰਿਆਂ ਨਾਲੋਂ ਵਡੀ ਤਾਕਤ ਹੈ। ਇਹ ਕੌਮੀ ਕੀਤੇ ਅਦਾਰੇ ਭ੍ਰਿਸ਼ਟਾਚਾਰ ਦੇ ਕੇਂਦਰ ਹਨ, ਇਹ ਕਦਾਚਿਤ ਸਮਾਜਵਾਦੀ ਪਲੈਨਿੰਗ ਦੇ ਚਿੰਨ੍ਹ ਨਹੀਂ ਮੰਨੇ ਜਾ ਸਕਦੇ ਸਗੋਂ ਇਹ ਤਾਂ ਇਕ ਗਲੇ ਸੜੇ ਪ੍ਰਬੰਧ ਦੇ ਚਿੰਨ੍ਹ ਹਨ।

ਚੀਨ ਅਤੇ ਹਿੰਦੋਸਤਾਨ ਦੀ ਆਰਥਕਤਾ ਇਸ ਵੇਲੇ ਦੁਨੀਆਂ ਵਿਚ ਦੋ ਪ੍ਰਬੰਧਾਂ ਦੇ ਮੁਕਾਬਲੇਲ ਈ ਸਾਹਿਆਂ

ਤੋਂ ਉਘੀ ਅਤੇ ਸਹੀ ਮਿਸਾਲ ਹੈ। ਨਤੀਜੇ ਸਾਹਮਣੇ ਹਨ, ਤੱਥ ਸਾਹਮਣੇ ਹਨ। ਕਿਹੜਾ ਪ੍ਰਬੰਧ ਬੇਹਤਰ ਹੈ? ਕਿਹੜੀ ਪਹੁੰਚ ਬੇਹਤਰ ਹੈ? ਇਹ ਫੈਸਲਾ ਕਰਨਾ ਸਾਧਾਰਨ ਤੋਂ ਸਾਧਾਰਨ ਬੰਦੇ ਲਈ ਵੀ ਔਖਾ ਨਹੀਂ ਕਿਉਂਕਿ ਜਾਦੂ ਉਹੀ ਹੈ ਜੋ ਸਿਰ ਚੜ੍ਹ ਕੇ ਬੋਲਦਾ ਹੈ।

## ਪੁਲਸ ਦਾ ਕਰਤਵ ਅਤੇ ਪੁਲਸ ਦੀ ਕਰਨੀ

ਮਹਾਂਰਾਸ਼ਟਰਾ ਦੇ ਆਈ.ਜੀ. ਪੁਲਸ ਦਾ ਇਕ ਲੇਖ ਅਖਬਾਰਾਂ ਵਿਚ ਆਇਆ ਹੈ। ਉਹਨੇ ਦਸਿਆ ਹੈ ਕਿ ਪਿਛਲੇ ਕੁਝ ਸਾਲਾਂ ਵਿਚ ਕਿਸ ਤਰ੍ਹਾਂ ਉਹਨਾਂ ਨੇ ਇਕ ਸਕੀਮ ਥਲੇ ਹਜ਼ਾਰਾਂ ਔਰਤਾਂ ਤੇ ਲੜਕੀਆਂ ਨੂੰ ਸਮਾਜ-ਦੁਸ਼ਮਣ ਅਨਸਰਾਂ ਦੀ ਚੁੰਘਲ ਤੋਂ ਬਚਾਉਣ ਵਿਚ ਕਾਮਯਾਬੀ ਹਾਸਿਲ ਕੀਤੀ ਹੈ। ਉਹਨਾਂ ਦਸਿਆ ਕਿ ਬੰਬਈ, ਪੂਨਾ, ਔਰੰਗਾਬਾਦ ਆਦਿਕ ਸਟੇਸ਼ਨਾਂ ਤੇ ਉਹਨਾਂ ਨੇ ਸਾਧਾਰਨ ਕਪੜਿਆਂ ਵਿਚ ਔਰਤ ਅਤੇ ਮਰਦ ਪੁਲਸ ਕਰਮਚਾਰੀਆਂ ਦੀ ਡਿਊਟੀ ਲਗਾਈ ਹੈ ਜਿਹੜੇ ਇਸ ਗੱਲ ਦੀ ਤਾੜ ਰਖਦੇ ਨੇ ਕਿ ਕੋਈ ਔਰਤ ਜੇ ਇਕੱਲੀ ਕਾਰੀ ਗੱਡੀ ਤੋਂ ਉਤਰੀ ਹੈ ਅਤੇ ਉਹਨੂੰ ਅਗੋਂ ਲੈਣ ਵਾਲਾ ਵੀ ਕੋਈ ਨਹੀਂ ਤਾਂ ਉਹ ਉਸ ਨੂੰ ਠੀਕ ਟਿਕਾਣੇ ਤੇ ਪੁਚਾਉਣ ਦਾ ਯਤਨ ਕਰਨ। ਉਹਨਾਂ ਨੇ ਆਪਣੇ ਕੰਮ ਵਿਚ ਆਈਆਂ ਮੁਸ਼ਕਿਲਾਂ ਦਾ ਵੀ ਜ਼ਿਕਰ ਕੀਤਾ, ਪਰ ਉਹਨਾਂ ਨੇ ਵਾਰ ਵਾਰ ਆਪਣੇ ਲੇਖ ਵਿਚ ਇਹ ਗੱਲ ਦੁਹਰਾਈ ਕਿ ਪੁਲਸ ਦਾ ਕਰਤੱਵ ਬੇਸਹਾਰੇ ਲੋਕਾਂ ਦਾ ਬਚਾਅ ਕਰਨਾ ਹੈ। ਪਰ ਇਸ ਦੇ ਉਲਟ ਵੇਖਣ ਵਿਚ ਤਾਂ ਇਹ ਆਇਆ ਹੈ ਕਿ ਕਿਸੇ ਪੁਲਸ ਵਾਲਿਆਂ ਨੇ ਕਿਸੇ ਕਲੀਕਾਰੀ ਨੂੰ ਬਚਾਉਣਾ ਤਾਂ ਕੀ ਸਗੋਂ ਉਹ ਤਾਂ ਸਮਾਜ ਦੁਸ਼ਮਣ ਅਨਸਰਾਂ ਦੇ ਹੱਕ ਵਿਚ ਦਲਾਲਾਂ ਦਾ ਕੰਮ ਕਰਦੇ ਹਨ। ਧੂਰੀ ਸਟੇਸ਼ਨ ਤੇ ਪਿਛੇ ਜਹੇ ਇਕ ਵਾਰਦਾਤ ਹੋਈ ਸੀ। ਅਚਾਨਕ ਲੋਕੋ ਇੰਜਨ ਵਾਲਿਆਂ ਦੀ ਹੜਤਾਲ ਕਰਕੇ ਧੂਰੀ ਤੋਂ ਲੁਧਿਆਨਾ ਵਾਲੀ ਗੱਡੀ ਬੰਦ ਹੋ ਗਈ ਤੇ ਇਕ ਕਲੀਕਾਰੀ ਔਰਤ ਸਟੇਸ਼ਨ ਤੇ ਬੇਸਹਾਰਾ ਹੋ ਗਈ। ਇਕ ਪੁਲਸ ਸਿਪਾਹੀ ਉਹਦੇ ਕੋਲ ਗਿਆ, "ਬੀਬੀ, ਇਸ ਤਰ੍ਹਾਂ ਇਕੱਲਿਆਂ ਸਟੇਸ਼ਨ ਤੇ ਠਹਿਰਨਾ ਠੀਕ ਨਹੀਂ, ਮੈਂ ਤੈਨੂੰ ਠੀਕ ਥਾਂ ਲੈ ਜਾਨਾ ਹਾਂ।" ਉਹ ਠੀਕ ਥਾਂ ਕੀ ਸੀ? ਖਬਰ ਦਸਦੀ ਹੈ ਕਿ ਉਸ ਠੀਕ ਥਾਂ ਤੇ ਪੰਜ ਬੰਦਿਆਂ ਦੇ ਹਥੋਂ ਉਸ ਵਿਚਾਰੀ ਦੀ ਪੱਤ ਲੁੱਟੀ ਗਈ। ਪੁਲਸ ਦੇ ਵਡੇ ਅਫ਼ਸਰ ਜਦੋਂ ਅਖਬਾਰਾਂ ਵਿਚ ਆਪਣੇ ਮਹਿਕਮੇਂ ਬਾਰੇ ਲੰਮੇ ਚੌੜੇ ਬਿਆਨ ਦੇਂਦੇ ਹਨ ਤਾਂ ਉਹਨਾਂ ਨੂੰ ਅਮਲੇ ਦੀਆਂ ਕਾਰਗੁਜ਼ਾਰੀਆਂ ਪਤਾ ਹੋਣੀਆਂ ਚਾਹੀਦੀਆਂ ਹਨ। ਕਰਤੱਵ ਅਤੇ ਕਰਨੀ ਦਾ ਪਾੜਾ ਸ਼ਾਇਦ ਕਿਸੇ ਹੋਰ ਮਹਿਕਮੇਂ ਵਿਚ ਨਹੀਂ, ਜਿਤਨਾ ਪੁਲਸ ਵਿਚ ਹੈ।

## ਸਾਰੇ ਜਹਾਂ ਸੇ ਅੱਛਾ ਹਿੰਦੋਸਤਾਨ ਹਮਾਰਾ

ਸਾਡੀਆਂ ਫਿਲਮਾਂ ਬਾਰੇ ਆਮ ਸ਼ਿਕਾਇਤ ਹੈ ਕਿ ਉਹ ਜ਼ਿੰਦਗੀ ਦੇ ਯਥਾਰਥ ਤੋਂ ਬਹੁਤ ਦੂਰ ਹਨ। ਫਿਲਮਾਂ ਬਾਰੇ ਕੇਂਦਰੀ ਮੰਤਰੀ ਸਾਥੇ ਇਹ ਬਿਆਨ ਦੇਂਦਾ ਰਹਿੰਦਾ ਹੈ ਕਿ ਸਾਨੂੰ ਆਪਣੀਆਂ ਫ਼ਿਲਮਾਂ ਦਾ ਮਯਾਰ ਚੰਗਾ ਕਰਨਾ ਚਾਹੀਦਾ ਹੈ। ਸਾਨੂੰ ਭਾਰਤ ਦੀ ਜ਼ਿੰਦਗੀ ਦੀ ਸਹੀ ਤਸਵੀਰ ਫਿਲਮਾਂ ਵਿਚ ਖਿਚਣੀ ਚਾਹੀਦੀ ਹੈ ਪਰ ਇਹ ਬਿਆਨ ਸਿਰਫ਼ ਬਿਆਨ ਵਾਸਤੇ ਹੀ ਹਨ। ਅਸਲ ਵਿਚ ਉਹ ਚਾਹੁੰਦੇ ਇਹੀ ਹਨ ਕਿ ਸਾਡੀਆਂ ਫਿਲਮਾਂ ਬਸ ਠੂਹ ਠਾਹ ਹੀ ਹੋਣ। ਮਾਰ ਧਾੜ ਹੋਵੇ। ਹੀਰੋ ਹੀਰੋਇਨਾਂ ਦੇ ਪ੍ਰੇਮ ਚੋਚਲੇ ਹੀ ਹੋਣ। ਉਹਨਾਂ ਦਾ ਇਹ ਹਿੱਤ ਹੈ ਕਿ ਇਹ ਸ਼ਕਤੀ-ਸ਼ਾਲੀ ਮੀਡੀਆਂ ਲੋਕਾਂ ਨੂੰ ਚੇਤਨ ਕਰਨ ਵਾਸਤੇ ਨਾ ਵਰਤਿਆ ਜਾਏ। ਇਹਦੀ ਤਾਜ਼ਾ ਮਿਸਾਲ ਫਿਲਮ ਐਕਟਰੈਸ

ਨਰਗਸ ਦਾ ਸਤਿਆਜੀਤ ਰੇ ਦੇ ਵਿਰੋਧ ਇਕ ਬਿਆਨ ਹੈ, ਜਿਸ ਦਾ ਬੁਧੀਜੀਵਾਂ ਅਤੇ ਫ਼ਿਲਮੀ ਹਲਕਿਆਂ ਵਿਚ ਬੜਾ ਚਰਚਾ ਹੈ। ਸਤਿਆਜੀਤ ਰੇ ਇਕ ਐਸਾ ਨਿਰਦੇਸ਼ਕ ਪ੍ਰੋਡਿਊਸਰ ਹੈ, ਜਿਸ ਦਾ ਸ਼ੁਮਾਰ ਦੁਨੀਆਂ ਦੇ ਚੋਟੀ ਦੇ ਫਿਲਮਸਾਜ਼ਾਂ ਵਿਚ ਹੁੰਦਾ ਹੈ। ਉਹਦੀਆਂ ਫਿਲਮਾਂ ਅੰਤਰ-ਰਾਸ਼ਟਰੀ ਫਿਲਮੀ ਮੇਲਿਆਂ ਤੇ ਆਪਣੀ ਉੱਚੀ ਕਲਾ ਕਰਕੇ ਬੜੀਆਂ ਮਕਬੂਲ ਹੁੰਦੀਆਂ ਹਨ। ਨਰਗਸ ਨੇ ਬਿਆਨ ਦਿਤਾ ਹੈ ਕਿ ਸਤਿਆਜੀਤ ਰੇ ਦੀਆ ਫਿਲਮਾਂ ਭਾਰਤ ਦੀ ਗ਼ਰੀਬੀ ਨੂੰ ਬੇਲੋੜਾ ਨਸ਼ਰ ਕਰਦੀਆਂ ਹਨ ਤੇ ਇਸ ਤਰ੍ਹਾਂ ਭਾਰਤ ਦਾ ਨਾਂ ਪ੍ਰਦੇਸਾਂ ਵਿਚ ਬਦਨਾਮ ਹੁੰਦਾ ਹੈ। ਨਰਗਸ ਇੰਦਰਾ ਗਾਂਧੀ ਦੀ ਮਨਜ਼ੂਰੇ ਨਜ਼ਰ ਹੈ। ਇਸ ਨੂੰ ਹੁਣੇ ਰਾਜ ਸਭਾ ਦੀ ਮੈਂਬਰ ਨਾਮਜ਼ਦ ਕੀਤਾ ਗਿਆ ਹੈ, ਐਮਰ-ਜੈਂਸੀ ਦੇ ਦਿਨਾਂ ਵਿਚ ਇਸ ਨੇ ਭਾਰਤ ਦਾ ਨਾਂ ਪ੍ਰਦੇਸਾਂ ਵਿਚ ਬੜਾ ਰੋਸ਼ਨ ਕੀਤਾ ਸੀ ਜਦੋਂ ਇਹ ਲੰਡਨ ਦੇ ਇਕ ਵਡੇ ਸਟਰ ਵਿਚੋਂ ਕੋਈ ਚੀਜ਼ ਚੁਰਾਂਦੀ ਪਕੜੀ ਗਈ ਸੀ, ਇਸ ਨੂੰ ਤਕਲੀਫ ਹੈ ਕਿ ਸਤਿਆਜੀਤ ਰੇ ਆਪਣਾ ਕੈਮਰਾ ਭਾਰਤ ਦੀ ਅਸਲੀਅਤ ਤੇ ਕਿਉਂ ਫੋਕਸ ਕਰਦਾ ਹੈ? ਪਰ ਸਤਿਆਜੀਤ ਰੇ ਨੇ ਵੀ ਨਰਗਸ ਦੇ ਬਿਆਨ ਦੇ ਬਾਅਦ ਜੋ ਆਪਣੀ ਡੀਫੈਂਸ ਦਿਤੀ ਹੈ, ਉਹ ਵੀ ਕੋਈ ਸ਼ਲਾਘਾਯੋਗ ਨਹੀਂ, ਉਹਨੇ ਕਿਹਾ ਹੈ ਕਿ ਮੈਂ ਹੁਣ ਤਕ 25 ਫਿਲਮਾਂ ਬਣਾਈਆਂ ਹਨ ਤੇ ਗ਼ਰੀਬੀ ਦਾ ਨਕਸ਼ਾ ਮੈਂ ਸਿਰਫ ਚਾਰ ਫਿਲਮਾਂ ਵਿਚ ਹੀ ਪੇਸ਼ ਕੀਤਾ ਹੈ। ਹਾਲਾਂ ਕਿ ਉਹਦੀ ਡੀਫੈਂਸ ਇਹ ਬਣਦੀ ਸੀ ਕਿ ਉਹ ਸਪਸ਼ਟ ਕਹਿੰਦਾ ਕਿ ਜੇ ਭਾਰਤ ਵਿਚ ਹੈ ਹੀ ਗਰੀਬੀ ਤਾਂ ਉਹਦਾ ਯਥਾਰਥ ਪੇਸ਼ ਕਰਨ ਵਿਚ ਕੀ ਹਰਜ ਹੈ? ਜਿਹੜਾ ਕੋਈ ਭੈੜੀ ਜਹੀ ਕੁਰਸੀ ਤੇ ਹੀ ਬੈਠ ਜਾਏ ਜਿਸ ਤਰ੍ਹਾਂ ਨਰਗਸ ਦੀ ਰਾਜ ਸਭਾ ਦੀ ਨਾਮਜ਼ਦਗੀ ਦੀ ਕੁਰਸੀ ਹੈ ਉਹ ਨਹੀਂ ਚਾਹੁੰਦਾ ਕਿ ਇਸ ਸਮਾਜ ਦਾ ਭੱਦਾ ਨਕਸ਼ਾ ਕੋਈ ਅਗੇ ਲਿਆਏ। ਖਵਾਜਾ ਅਹਿਮਦ ਅਬਾਸ ਨੇ ਇਕ ਫਿਲਮ 'ਦੀ ਨਕਸਲਾਈਟ' ਬਣਾਈ ਹੈ। ਉਸ ਫਿਲਮ ਵਿਚ ਪਤਾ ਨਹੀਂ ਹੋਰ ਕੀ ਹੈ ਪਰ ਸੈਂਸਰ ਵਾਲਿਆਂ ਨੇ ਉਹ ਫਿਲਮ ਪਾਸ ਨਹੀਂ ਕੀਤੀ ਕਿਉਂਕਿ ਉਸ ਵਿਚ ਭਾਰਤ ਦੀ ਪੁਲਸ ਵਲੋਂ ਨਕਸਲਾਈਟਾਂ ਉਤੇ ਨੰਗਾ ਜ਼ੁਲਮ ਵਿਖਾਇਆ ਹੈ। ਖਤਰਾ ਹੈ ਕਿ ਉਹ ਸਚਾਈ ਪ੍ਰਦੇਸ ਵਿਚ ਭਾਰਤੀ ਪੁਲਸ ਦਾ ਨਾਂ ਬਦਨਾਮ ਕਰੇਗੀ। ਹਾਕਮਾਂ ਦਾ ਫਰਮਾਨ ਹੈ :

– ਅਖ਼ਬਾਰਾਂ ਵਿਚ ਬਲਾਤਕਾਰੀ ਦੀਆਂ ਖਬਰਾ ਨਾ ਦੇਵੋ, ਇਸ ਤਰ੍ਹਾਂ ਬਾਹਰਲੇ ਮੁਲਕਾਂ ਵਿਚ ਭਾਰਤ ਦਾ ਭੈੜਾ ਪ੍ਰਭਾਵ ਪੈਂਦਾ ਹੈ?

– ਫਿਲਮਾਂ ਵਿਚ ਭਾਰਤ ਦੀ ਗਰੀਬੀ ਨਾ ਪੇਸ਼ ਕਰੋ, ਇਸ ਤਰ੍ਹਾਂ ਭੈੜਾ ਪ੍ਰਭਾਵ ਪੈਂਦਾ ਹੈ?

– ਫਿਰਕਾਦਾਰਾਨਾਂ ਫਸਾਦਾਂ ਦਾ ਜ਼ਿਕਰ ਨਾ ਕਰੋ, ਇਸ ਤਰ੍ਹਾਂ ਭਾਰਤ ਦੀ ਸੈਕੂਲਰਇਜ਼ਮ ਦਾ ਭੈੜਾ ਪ੍ਰਭਾਵ ਪੈਂਦਾ ਹੈ?

ਅਖ਼ਬਾਰਾਂ ਵਿਚ ਇਹੀ ਲਿਖਿਆ ਜਾਏ, ਫਿਲਮਾਂ ਵਿਚ ਇਹੀ ਦਿਖਾਇਆ ਜਾਏ ਕਿ ਭਾਰਤ ਵਿਚ ਦੁੱਧ ਅਤੇ ਘਿਉ ਦੀਆਂ ਨਾਲਾਂ ਵਗਦੀਆਂ ਹਨ, ਭਾਰਤ ਵਿਚ ਰਾਮਰਾਜ ਹੈ – ਭਾਰਤ ਦੀ ਪੁਲਸ ਲੋਕਾਂ ਦੀ ਵਡੀ ਸੇਵਾਦਾਰ ਹੈ। ਹਰ ਲੇਖਣੀ ਦਾ, ਹਰ ਫਿਲਮ ਦਾ, ਹਰ ਰੀਪੋਰਟ ਦਾ ਇਹ ਉਦੇਸ਼ ਹੋਵੇ – ਸਾਰੇ ਜਹਾਂ ਸੇ ਅੱਛਾ ਹਿੰਦੋਸਤਾਨ ਹਮਾਰਾ।

## ਗੁਰਦੇਵ ਕਮਿਸ਼ਨ–ਛੰਗਾਣੀ ਕਮਿਸ਼ਨ–ਮਲਕਾਣੀ ਕਮਿਸ਼ਨ

– ਗੁਰੂ ਦੇਵ, ਇਹ ਗੁਰਦੇਵ ਸਿਓਂ ਕੌਣ ਹੋਇਆ?

– ਚੇਲਾ ਜੀ, ਇਹ ਇਕ ਜੱਜ ਏ।

– ਗੁਰੂ ਦੇਵ, ਇਹਦਾ ਨਾਂ ਅਖਬਾਰਾਂ ਵਿਚ ਕਿਉਂ ਆਂਦਾ ਹੈ?

– ਚੇਲਾ ਜੀ, ਇਹਨੇ ਇਕ ਰੀਪੋਰਟ ਲਿਖੀ ਏ।

— ਕੀ ?

— ਅਖੇ ਗਿਆਨੀ ਜ਼ੈਲ ਸਿਓਂ ਜਦੋਂ ਮੁਖ ਮੰਤਰੀ ਸੀ, ਉਹਨੇ ਬੜੀਆਂ ਧਾਂਦਲੀਆਂ ਕੀਤੀਆਂ !

— ਅਛਾ, ਫੇਰ ਤਾਂ ਗਿਆਨੀ ਜੀ ਬੜੇ ਸੰਕਟ ਵਿਚ ਹੋਣਗੇ ?

— ਨਹੀਂ ਚੇਲਾ ਜੀ, ਹਾਲੇ ਤਾਂ ਨਾਰੰਗ ਸਾਹਿਬ ਸੰਕਟ ਵਿਚ ਨੇ ।

— ਉਹ ਕੌਣ ਨੇ ਗੁਰੂ ਦੇਵ ?

— ਚੇਲਾ ਜੀ, ਉਹ ਚੀਫ ਸੈਕਟਰੀ ਸਨ, ਅਖੇ ਉਹਨਾਂ ਦੀ ਸਲਾਹ ਨਾਲ ਰੀਪੋਰਟ ਅਸੈਂਬਲੀ ਦੀ ਮੇਜ਼ ਤੇ ਰੱਖੀ ਗਈ ਸੀ ।

— ਫੇਰ ਉਹਨਾਂ ਦਾ ਕੀ ਹੋਇਆ ਏ ?

— ਚੇਲਾ ਜੀ, ਉਹਨਾਂ ਨੂੰ ਚੀਫ ਸੈਕਟਰੀ ਦੇ ਅਹੁਦੇ ਤੋਂ ਹਟਾ ਦਿਤਾ ਗਿਆ ਏ ।

— ਇਹ ਤਾਂ ਬੜਾ ਮਾੜਾ ਹੋਇਆ ।

— ਨਹੀਂ ਚੇਲਾ ਜੀ, ਉਹ ਤਾਂ ਕੁਰਬਾਨੀ ਮੁਤਬਰਕ ਬਕਰਾ ਬਣ ਗਏ ।

— ਹਾਂ ਜੀ, ਇਹ ਮੌਕਾ ਵਾਰ ਵਾਰ ਥੋੜ੍ਹਾ ਮਿਲਦਾ ਹੈ, ਪਰ ਗੁਰੂ ਦੇਵ ਰੀਪੋਰਟ ਦਾ ਕੀ ਬਣਿਆ ?

— ਦਰਬਾਰਾ ਸਿੰਘ ਨੇ ਕਿਹਾ ਹੈ ਸਰਕਾਰ ਇਸ ਰੀਪੋਰਟ ਨੂੰ ਨਹੀਂ ਮੰਨਦੀ ।

— ਕਿਉਂ ਗੁਰੂ ਦੇਵ ?

— ਅਖੇ ਇਹ ਜਨਤਾ ਪਾਰਟੀ ਨੇ ਲਿਖਵਾਈ ਸੀ ।

— ਪਰ ਗੁਰੂ ਦੇਵ, ਹੁਣ ਰੀਪੋਰਟ ਦਾ ਕੀ ਹੋਵੇਗਾ ?

— ਜੋ ਬਾਦਲ ਵਿਰੋਧੀ ਡੰਗਾਣੀ ਰੀਪੋਰਟ ਦਾ ਹੋਇਆ ਸੀ ਤੇ ... ।

— ਤੇ ਕੀ ਗੁਰੂ ਦੇਵ ?

— ਜੋ ਮਲਕਾਣੀ ਰੀਪੋਰਟ ਦਾ ਹੋਵੇਗਾ ।

— ਇਹ ਮਲਕਾਣੀ ਰੀਪੋਰਟ ਕੀ ਹੋਈ, ਗੁਰੂਦੇਵ ?

— ਚੇਲਾ ਜੀ, ਇਹ ਉਹ ਰੀਪੋਰਟ ਹੋਵੇਗੀ, ਜੋ ਆਉਣ ਵਾਲੀ ਸਰਕਾਰ ਦਾ ਮਲਕਾਣੀ ਕਮਿਸ਼ਨ ਦਰਬਾਰਾ ਸਿਓਂ ਦੇ ਖਿਲਾਫ ਦੇਵੇਗਾ ।

---

## ਅਮਲੀ ਦਾ ਸਾਈਕਲ

ਕਿਸੇ ਨੇ ਅਮਲੀ ਦਾ ਸਾਈਕਲ ਮੰਗਿਆ । ਆਪਣਾ ਕੰਮ ਕਢਣ ਤੋਂ ਬਾਅਦ ਅਮਲੀ ਦਾ ਦਿਲ ਰੱਖਣ ਲਈ ਉਹਨੇ ਕਿਹਾ,

"ਅਮਲੀਆ, ਸਾਈਕਲ ਤਾਂ ਤੇਰਾ ਨਿਰਾ ਤੋਫਾਨ ਮੇਲ ਏ"

"ਹਾਲੇ ਤਾਂ ਮੈਂ ਤੇਲ ਨਹੀਂ ਦਿਤਾ, ਨਹੀਂ ਤਾਂ ਹਵਾਈ ਜਹਾਜ਼ ਨਾਲੋਂ ਘੱਟ ਨਾ ਹੂੰਦਾ ।" ਅਮਲੀ ਨੇ ਫੂਕ ਲੈਂਦਿਆਂ ਆਖਿਆ ਤੇ ਫੇਰ ਉਹਦੀ ਖੜਖੜ ਦਾ ਧਿਆਨ ਆਂਦਿਆਂ ਆਪੇ ਹੀ ਕਿਹਾ,

"ਥੋੜੀ ਖੜਖੜ ਜ਼ਰੂਰ ਕਰਦਾ ਏ"

"ਖੜਖੜ ਦਾ ਤਾਂ ਅਮਲੀਆ ਇਹ ਹਾਲ ਏ ਕਿ ਸਿਵਾਏ ਟੱਲੀ ਦੇ ਇਹਦੀ ਹਰ ਇਕ ਚੀਜ਼ ਖੜਕਦੀ ਏ" ਸਾਈਕਲ ਲੈਣ ਵਾਲਾ ਟਿਚਕਰ ਕਰਨੋਂ ਨਾ ਰਹਿ ਸਕਿਆ,

"ਲੈ ਫੇਰ ਤਾਂ ਇਹ ਆਪਣੀ ਸਰਕਾਰ ਵਾਂਗੂ ਹੋਇਆ ਕਿ", ਅਮਲੀ ਨੇ ਮਾਣ ਨਾਲ ਕਿਹਾ । ਸੁਨਣ ਵਾਲੇ ਕੋਲ ਇਸਦਾ ਕੋਈ ਜਵਾਬ ਨਹੀਂ ਸੀ ।

# ਪ੍ਰੈਕਟੀਕਲ ਵਿਯਕਤੀ

ਦਿੱਲੀ ਦਾ ਪ੍ਰਸਿੱਧ ਜੱਥੇਦਾਰ ਸਵੇਰੇ ਆਪਣੀ ਕੋਠੀ ਦੇ ਲਾਨ ਵਿਚ ਟਹਿਲ ਰਿਹਾ ਸੀ। ਇਕ ਸ਼ਰਧਾਲੂ ਸਿੰਘ ਗੇਟ ਦੇ ਅੰਦਰ ਲੰਘਿਆ ਤੇ ਬਰਾਂਡੇ ਦੀ ਦਹਿਲੀਜ਼ ਤੇ ਦਸ ਰੁਪਏ ਦਾ ਨੋਟ ਰੱਖਕੇ ਵਾਪਸ ਜਾਣ ਲੱਗਾ। ਜੱਥੇਦਾਰ ਜੀ ਉਹਦੀ ਭਗਤੀ ਵੇਖਕੇ ਹੁਲਾਰੇ ਗਏ।

"ਭਾਈ ਸਿੰਘਾ ਇਹ ਕੀ ?"

"ਸੀਸ ਗੰਜ ਜਾ ਰਿਹਾ ਸਾਂ ਮੱਥਾ ਟੇਕਣ, ਮੈਂ ਆਖਿਆ ਦਸ ਰੁਪਏ ਤਾਂ ਇਥੇ ਹੀ ਰੱਖਦਾ ਜਾਂਵਾਂ।"

"ਕਿਉਂ ?"

"ਕਿਉਂਕਿ ਬਾਅਦ ਵਿਚ ਵੀ ਤਾਂ ਇਹ ਇਥੇ ਹੀ ਆਉਣੇ ਨੇ"।

ਪੋਸਟ ਸਕਰਿਪਟ-

# ਸੜਕ ਤੇ ਕਿਉਂ ਆਏ ਹਾਂ ?

– ਤੁਸੀਂ ਮੁੰਡੇ ਸੜਕ ਤੇ ਕਿਉਂ ਆਏ ਹੋ ?

– ਸੜਕ ਹੀ ਸਾਡੀ ਥਾਂ ਹੈ।

– ਕਾਲਜਾਂ ਵਿਚ ਕਿਉਂ ਨਹੀਂ ਜਾਂਦੇ ?

– ਕਾਲਜਾਂ ਦੀ ਪੜ੍ਹਾਈ ਪੜ੍ਹ ਆਏ ਹਾਂ।

– ਨੌਕਰੀ ਕਿਉਂ ਨਹੀਂ ਕਰਦੇ ?

– ਨੌਕਰੀ ਲੱਭਦੀ ਨਹੀਂ।

– ਸੜਕ ਤੇ ਆ ਕੇ ਕੀ ਕਰੋਗੇ ?

– ਸੜਕ ਤੇ ਚਲਦਾ ਟਰੈਫਿਕ ਰੋਕ ਦੇਵਾਂਗੇ।

– ਇਸ ਤਰ੍ਹਾਂ ਤਾਂ ਚਲਦੇ ਕੰਮ ਬੰਦ ਹੋ ਜਾਣਗੇ।

– ਬੰਦ ਹੀ ਤਾਂ ਹੋਣੇ ਚਾਹੀਦੇ ਨੇ।

– ਇਹ ਤਾਂ ਹੋਇਆ ਕਿ ਨਾ ਆਪ ਖਾਣਾ ਏ ਤਾਂ ਨਾ ਹੀ ਖਾਣ ਦੇਣਾ ਏ।

– ਨਹੀਂ, ਇਹ ਤਾਂ ਹੋਇਆ ਕਿ ਜੇਕਰ ਸਾਨੂੰ ਖਾਣ ਨੂੰ ਨਹੀਂ ਦੇਵੋਗੇ ਤਾਂ ਅਸੀਂ ਤੁਹਾਨੂੰ ਵੀ ਨਹੀਂ ਖਾਣ ਦੇਵਾਂਗੇ।

– ਇਹ ਤਾਂ ਕੋਈ ਚੰਗੀ ਗਲ ਨਹੀਂ।

– ਫੇਰ ਚੰਗੀ ਗਲ ਕੀ ਏ ?

– ਮੈਨੂੰ ਨਹੀਂ ਪਤਾ, ਮੇਰੇ ਕੋਲੋਂ ਕਿਉਂ ਪੁਛਦੇ ਹੋ ?

– ਕਿਸਦੇ ਕੋਲੋਂ ਪੁਛੀਏ ?

– ਸਰਕਾਰ ਕੋਲੋਂ ਪੁਛੋ।

– ਸਰਕਾਰ ਕੋਲੋਂ ਪੁਛਣ ਹੀ ਤਾਂ ਸੜਕਾਂ ਤੇ ਆਏ ਹਾਂ।

# ਪਾਠਕੀ

ਪੰਜਾਬੀ ਸਾਹਿਤ ਦੀ ਇਕ ਸਥਾਪਿਤ ਹਸਤੀ (?) ਸੰਤ ਸਿੰਘ ਸੇਖੋਂ ਦੇ ਬਦਬੂ ਮਾਰਦੇ ਵਿਚਾਰ 'ਦੇਸ ਪ੍ਰਦੇਸ' ਵਿਚ ਪੜ੍ਹੇ ਸਨ। ਪਰ ਹੁਣ ਜਦੋਂ 'ਸਮਤਾ' ਤੇ ਵੰਗਾਰ ਵਰਗੇ ਪਰਚਿਆਂ ਨੇ ਆਪਣੇ ਦੋ ਦੋ ਸਫ਼ੇ ਉਸਦੇ ਵਿਚਾਰਾਂ ਦੀ ਗੰਦਗੀ ਵਿੱਚ ਲਿਬੇੜ ਹੀ ਲਏ ਹਨ ਤਾਂ ਚੁੱਪ ਰਹਿਣਾ ਨਹੀਂ ਬਣਦਾ। ਸੇਖੋਂ ਨੇ ਭਗਤ ਸਿੰਘ ਤੇ ਊਧਮ ਸਿੰਘ ਦੀਆਂ ਕੁਰਬਾਨੀਆਂ ਨੂੰ ਨਿੰਦਦੇ ਹੋਏ ਆਪਣਾ ਹੀ ਸਿਧਾਂਤ ਦੇ ਮਾਰਿਆ ਹੈ ਕਿ ਨੌਜੁਆਨਾਂ ਦੀ ਸੋਚ ਪਰਪੱਕ ਨਹੀਂ ਹੁੰਦੀ ਉਹ ਭਾਵੁਕਤਾ ਦੀ ਲਹਿਰ ਵਿਚ ਵਹਿ ਤੁਰਦੇ ਹਨ ਤੇ ਇਤਿਹਾਸਕ ਸਚਾਈਆਂ ਨੂੰ ਅਣਡਿੱਠ ਕਰ ਜਾਂਦੇ ਹਨ। ਆਪਣੀ ਉਮਰ 'ਚੋਂ ਜਵਾਨੀ ਦਾ ਟੋਟਾ ਖਾ ਚੁੱਕਣ ਤੋਂ ਬਅਦ ਸ਼ਾਇਦ ਸੇਖੋਂ ਇਸ ਸਚਾਈ ਨੂੰ ਭੁੱਲ ਗਿਆ ਹੈ ਕਿ ਜਵਾਨੀ ਦਾ ਸਮਾਂ ਜ਼ਿੰਦਗੀ ਦਾ ਬਹੁਤ ਹੀ ਮਹੱਤਵਪੂਰਨ ਹਿੱਸਾ ਹੁੰਦਾ ਹੈ, ਕਿ ਦੁਨੀਆਂ ਦੇ ਬਹੁਤ ਸਾਰੇ ਕ੍ਰਾਂਤੀਕਾਰੀਆਂ ਤੇ ਇਤਿਹਾਸਕ ਸ਼ਖਸ਼ੀਅਤਾਂ ਨੇ ਮਹੱਤਵਪੂਰਨ ਯੁਗ ਪਲਟਾਊ ਕੰਮ ਜਵਾਨੀ ਵਿਚ ਹੀ ਕੀਤੇ ਹਨ। ਸੇਖੋਂ ਦੇ ਫਲਸਫੇ ਮੁਤਾਬਿਕ ਤਾਂ ਇਤਿਹਾਸਕ ਸਚਾਈਆਂ ਨੂੰ ਅਣਡਿੱਠ ਕਰਨ ਵਾਲੇ ਉਹ ਸਾਰੇ ਭਾਵੁਕ ਨੌਜੁਆਨ ਇਤਿਹਾਸ ਦੇ ਪਹੀਏ ਥੱਲੇ ਆ ਕੇ ਕੁਚਲੇ ਜਾਣੇ ਚਾਹੀਦੇ ਸਨ। ਪਰ ਅਜਿਹਾ ਨਹੀਂ ਹੋਇਆ, ਕਿਉਂਕਿ ਇਤਿਹਾਸ ਕਦੀ ਵੀ ਇੰਤਜ਼ਾਰ ਨਹੀਂ ਕਰਦਾ ਕਿ ਕੋਈ ਸੇਖੋਂ ਆਪਣੇ ਵਰਗੇ ਗੈਰ-ਭਾਵਕ ਬੁੱਢਿਆਂ ਦੀ ਜਨੇਤ ਤਿਆਰ ਕਰਕੇ ਲਿਆਏਗਾ ਤੇ 'ਪਰਪੱਕ ਸੋਚ' (ਮੌਕਾਪ੍ਰਸਤ ਸੋਚ) ਦੇ ਬੈਂਡ ਵਾਜਿਆਂ ਨਾਲ ਇਤਿਹਾਸ ਨੂੰ ਅੱਗੇ ਵਧਾਏਗਾ। ਅਸਲ ਗੱਲ ਇਹ ਹੈ ਕਿ ਸੇਖੋਂ ਨੇ ਖੁਦ ਆਪਣੀ ਜਵਾਨੀ ਵਿਚ 'ਭਾਵੁਕ ਸੁਪਨੇ' ਲੈਣ ਤੋਂ ਸਿਵਾ ਕੁਝ ਨਹੀਂ ਕੀਤਾ ਇਸ ਲਈ ਉਸਨੂੰ ਜਵਾਨੀ ਨਾਲ ਹੀ ਚਿੜ੍ਹ ਹੋ ਗਈ ਹੈ। ਆਪਣੇ ਆਪ ਨਾਲ ਹੋਈ ਇਸ ਚਿੜ੍ਹ ਨੂੰ ਉਸਨੇ ਵਿਆਪਕ ਨਿਯਮ ਦਾ ਰੂਪ ਦੇਣ ਦੀ ਹਾਸੋਹੀਣੀ ਕੋਸ਼ਿਸ਼ ਕੀਤੀ ਗਈ ਹੈ। ਸੇਖੋਂ ਦੇ ਬੁੱਢੇ ਦੀਮਾਗ ਦਾ ਬੱਚਪਨਾ ਹੋਰ ਵੀ ਨੰਗਾ ਹੋ ਜਾਂਦਾ ਹੈ ਜਦੋਂ ਉਹ ਭਗਤ ਸਿੰਘ ਤੇ ਲੈਨਿਨ ਦੇ ਭਰਾ (ਜਿਸਨੇ ਜ਼ਾਰ ਦੇ ਇਕ ਅਫ਼ਸਰ ਨੂੰ ਮਾਰਨ ਦੀ ਕੋਸ਼ਿਸ਼ ਕੀਤੀ ਸੀ) ਨੂੰ ਰਲਗੱਡ ਕਰਦਾ ਹੈ ਤੇ ਵਾਸਤਾ ਪਾਉਂਦਾ ਹੈ ਕਿ ਜਦ ਲੈਨਿਨ ਦੇ ਭਰਾ ਦੀਆਂ ਬਰਸੀਆਂ ਨਹੀਂ ਮਨਾਈਆਂ ਜਾਂਦੀਆਂ ਤਾਂ ਭਗਤ ਸਿੰਘ ਦੀਆਂ ਕਿਉਂ ? ਉਸਨੂੰ ਏਨਾ ਵੀ ਨਹੀਂ ਪਤਾ ਕਿ ਭਗਤ ਸਿੰਘ ਦੀਆਂ ਸਰਗਰਮੀਆਂ ਪਿੱਛੇ ਇਕ ਵਿਗਿਆਨਕ ਵਿਚਾਰਧਾਰਾ ਸੀ ਤੇ ਉਸਦੀਆਂ ਅੱਖਾਂ ਅੱਗੇ ਸੋਸ਼ਲਿਸਟ ਸਮਾਜ ਦੀ ਉਸਾਰੀ ਦਾ ਹਕੀਕੀ ਸਪਨਾ ! ਇਹ ਭਗਤ ਸਿੰਘ ਹੀ ਸੀ ਜਿਸਨੇ ਸਭ ਤੋਂ ਪਹਿਲਾਂ ਹਿੰਦੁਸਤਾਨ ਦੀ ਸਰਗਰਮ-ਸਿਆਸਤ ਵਿਚ ਇਨਕਲਾਬ ਜ਼ਿੰਦਾਬਾਦ, ਸਮਾਜਵਾਦ ਜ਼ਿੰਦਾਬਾਦ, ਸਾਮਰਾਜਵਾਦ ਮੁਰਦਾਬਾਦ ਵਰਗੇ ਨਾਹਰੇ ਗੂੰਜਾਏ। ਸੇਖੋਂ ਅਨੁਸਾਰ 'ਭਗਤ ਸਿੰਘ ਦੀ ਕੋਈ ਵਿਚਾਰਧਾਰਾ ਨਹੀਂ ਸੀ ਜਿਸਨੂੰ ਲੋਕਾਂ ਨੇ ਅਪਣਾਇਆ ਹੋਵੇ' ਉਸਦੇ ਬੌਧਿਕ ਉਜੱਡਪੁਣੇ ਨੂੰ ਹੀ ਨੰਗਿਆਂ ਕਰਦੀ ਹੈ। ਇਹ ਇਕ ਇਤਿਹਾਸਕ ਸਚਾਈ ਹੈ। ਕਿ ਭਗਤ ਸਿੰਘ ਇਕ ਮਹਾਨ ਮਾਰਕਸਵਾਦੀ ਚਿੰਤਕ ਸੀ। ਉਸ ਵਲੋਂ ਦਿਤੇ ਗਏ ਨਾਹਰੇ : "ਸਾਡਾ ਸੰਘਰਸ਼ ਉਦੋਂ ਤੱਕ ਜਾਰੀ ਰਹੇਗਾ ਜਦੋਂ ਤੱਕ ਮਨੁੱਖ ਹੱਥੋਂ ਮਨੁੱਖ ਦੀ ਲੁੱਟ-ਘਸੁੱਟ ਖਤਮ ਨਹੀਂ ਹੋ ਜਾਂਦੀ,ਲੁਟੇਰੇ ਚਾਹੇ ਭਾਰਤੀ ਹੋਣ ਚਾਹੇ ਬਿਦੇਸ਼ੀ ਤੇ ਚਾਹੇ ਦੋਵੇਂ ਰਲਕੇ ... ਜਾਂ "ਕਾਂਗਰਸ ਦਾ ਅੰਦੋਲਨ ਅੰਗਰੇਜ਼ਾਂ ਨਾਲ ਸਮਝੌਤੇ ਦੇ ਰੂਪ ਵਿਚ ਖਤਮ ਹੋਏਗਾ !" ਇਹਨਾਂ ਨਾਹਰਿਆਂ ਵਿਚ ਛੁਪੀ ਹੋਈ ਭਵਿਖਬਾਣੀ, ਜੋ ਬਾਅਦ ਵਿਚ ਸੌ ਫੀ ਸਦੀ ਠੀਕ ਸਾਬਤ ਹੋਈ, ਇਨਕਲਾਬੀ ਅਮਲ ਨਾਲ ਜੁੜਿਆ ਹੋਇਆ ਭਗਤ ਸਿੰਘ ਵਰਗਾ ਗੰਭੀਰ ਮਾਰਕਸਵਾਦੀ ਚਿੰਤਕ ਹੀ ਕਰ ਸਕਦਾ ਸੀ।

ਭਾਰਤ ਦੀ ਆਜ਼ਾਦੀ ਲਹਿਰ ਦੇ ਇਤਿਹਾਸ ਦੀ ਥੋੜ੍ਹੀ ਜਿੰਨੀ ਸਮਝ ਰੱਖਣ ਵਾਲਾ ਆਦਮੀ ਵੀ ਭਲੀ ਭਾਂਤ ਜਾਣ ਸਕਦਾ ਹੈ ਕਿ ਅੰਗਰੇਜ਼ਾ ਦੇ ਖਿਲਾਫ ਸੰਘਰਸ਼ ਵਿਚ ਦੋ ਧਾਰਾਵਾਂ ਨਾਲ ਨਾਲ ਕਰਮਸ਼ੀਲ ਸਨ । ਇਕ ਪਹਿਲੀ ਸੀ ਕ੍ਰਾਂਤੀਕਾਰੀਆਂ ਦੀ, ਜੋ ਹਥਿਆਰ ਬੰਦ ਬਗਾਵਤ ਰਾਹੀਂ ਅੰਗਰੇਜ਼ੀ ਹਕੂਮਤ ਦਾ ਤਖਤਾ ਉਲਟਾਉਣ ਲਈ ਸਰਗਰਮ ਸਨ । ਗ਼ਦਰ ਲਹਿਰ, ਬੱਬਰ ਅਕਾਲੀ ਲਹਿਰ, ਭਗਤ ਸਿੰਘ ਐਂਡ ਪਾਰਟੀ ਦੀ ਅਗਵਾਈ ਵਾਲੀ ਲਹਿਰ ਸਭ ਇਸੇ ਵਿਚ ਆਉਂਦੀਆਂ ਹਨ । ਦੂਸਰੀ ਸੀ ਭਾਰਤ ਦੀ ਬੁਰਜ਼ੂਆਜ਼ੀ ਦੀ ਜੋ ਗਾਂਧੀ ਦੀ ਅਗਵਾਈ ਵਿਚ ਇੰਡੀਆ ਨੈਸ਼ਨਲ ਕਾਂਗਰਸ ਦੇ ਨਾਂ ਹੇਠ ਸਰਗਰਮ ਸੀ । ਇਹ ਬੁਰਜ਼ੂਆਜ਼ੀ ਦੇ ਹਿੱਤਾਂ ਤੇ ਕੁਝ ਰਿਆਇਤਾਂ ਪ੍ਰਾਪਤ ਕਰਨ ਲਈ ਲੜਦੀ ਹੋਈ, ਲੋਕਾਂ ਦੇ ਜਜ਼ਬਾਤਾਂ ਨੂੰ ਆਪਣੇ ਹਿੱਤ ਵਿਚ ਵਰਤ ਕੇ ਹਕੂਮਤ ਤੇ ਦਬਾਅ ਪਾਉਂਦੀ ਹੋਈ 'ਅਹਿੰਸਕ ਸੰਘਰਸ਼ ਤੇ ਸਮਝੌਤਾ' ਵਾਲੀ ਲਾਈਨ ਤੇ ਚੱਲ ਰਹੀ ਸੀ । ਪਹਿਲੇ ਵੱਡੀ ਜੰਗ ਦੌਰਾਨ ਜਦੋਂ ਕਿ ਅਨੇਕਾਂ ਗ਼ਦਰੀਆਂ ਨੂੰ ਮੌਤ ਦੇ ਘਾਟ ਉਤਾਰਿਆ ਗਿਆ ਤਾਂ ਗਾਂਧੀ ਲੋਕਾਂ ਨੂੰ ਅੰਗਰੇਜ਼ਾਂ ਦੀ ਫੌਜ ਵਿੱਚ ਭਰਤੀ ਹੋ ਕੇ ਉਹਨਾਂ ਦੀ ਮਦਦ ਕਰਨ ਲਈ ਪ੍ਰੇਰਦਾ ਰਿਹਾ । 'ਪੂਰਨ ਆਜ਼ਾਦੀ' ਦਾ ਨਾਹਰਾ ਤਾਂ ਕਾਂਗਰਸ ਨੂੰ 1929 ਵਿਚ ਮਜ਼ਬੂਰ ਹੋ ਕੇ ਦੇਣਾ ਪਿਆ ਜਦੋਂ ਕਿ ਵਿਸ਼ਾਲ ਹੁੰਦੇ ਜਾ ਰਹੇ ਇਨਕਲਾਬੀ ਘੋਲਾਂ ਤੋਂ ਗਾਂਧੀ ਨੂੰ ਇਹ ਸਪੱਸ਼ਟ ਹੋ ਗਿਆ ਕਿ 'ਆਜ਼ਾਦੀ' ਦਾ ਨਾਹਰਾ ਦਿਤੇ ਬਿਨਾਂ ਲੋਕਾਂ ਦੇ ਜਜ਼ਬਾਤਾਂ ਨੂੰ ਨਹੀਂ ਵਰਤਿਆ ਜਾ ਸਕਦਾ । 1929 ਤੱਕ ਆਜ਼ਾਦੀ ਦੇ ਘੋਲ ਵਿਚ ਅਨੇਕਾਂ ਗ਼ਦਰੀ ਤੇ ਬੱਬਰ ਅਕਾਲੀ ਸ਼ਹੀਦ ਹੋ ਚੁਕੇ ਸਨ । ਭਗਤ ਸਿੰਘ ਨੇ ਆਜ਼ਾਦੀ ਦੇ ਘੋਲ ਦੀ ਕ੍ਰਾਂਤੀਕਾਰੀ ਧਾਰਾ ਨੂੰ ਵਿਗਿਆਨਕ ਸੇਧ ਪ੍ਰਦਾਨ ਕਰਦੇ ਹੋਏ ਅਗੇ ਖੜਿਆ ਤੇ ਇਕ ਬਹਾਦਰ ਕਮਿਊਨਿਸਟ ਇਨਕਲਾਬੀ ਦਾ ਰੋਲ ਅਦਾ ਕੀਤਾ, ਜੋ ਉਸ ਸਮੇਂ ਦੀ ਕਮਿਊਨਿਸਟ ਪਾਰਟੀ ਵੀ ਨਾ ਕਰ ਸਕੀ ਜੋ ਕਿ ਕਾਂਗਰਸ ਤੋਂ ਅਲੱਗ ਆਪਣਾ ਕੋਈ ਸਪਸ਼ਟ ਸਟੈਂਡ ਲੈਣ ਵਿਚ ਨਾ ਕਾਮਯਾਬ ਸੀ ਉਸ ਸਮੇਂ ਭਗਤ ਸਿੰਘ ਹੀ ਸੀ ਜਿਸਨੇ ਕਾਂਗਰਸ ਦੀ ਸਮਝੌਤਾਵਾਦੀ ਤੇ ਬੁਰਜੂਆ ਸਿਆਸਤ ਨੂੰ ਅਮਲ ਵਿਚ ਨਖੇੜ ਕੇ ਨੰਗਿਆਂ ਕੀਤਾ । ਸੋ ਭਗਤ ਸਿੰਘ ਜਮਹੂਰੀ ਇਨਕਲਾਬ ਲਈ ਸ਼ਹੀਦ ਹੋਣ ਵਾਲਾ ਮਹਾਨ ਕਮਿਊਨਿਸਟ ਇਨਕਲਾਬੀ ਸੀ । ਮਾਰਕਸਵਾਦ ਉਸਦੀ ਵਿਚਾਰਧਾਰਾ ਸੀ ਤੇ ਇਨਕਲਾਬ ਤੇ ਸੋਸ਼ਲਿਸਟ ਸਮਾਜ ਦੀ ਸਥਾਪਨਾ ਉਸ ਦਾ ਲਕਸ਼ ! ਉਸਤੋਂ ਬਾਅਦ ਵੀ ਉਸਦੀ ਵਿਚਾਰਧਾਰਾ ਤੇ ਚਲਦਿਆਂ ਹੋਇਆਂ ਹਜ਼ਾਰਾਂ ਕਮਿਊਨਿਸਟ ਇਨਕਲਾਬੀਆਂ ਨੇ ਸ਼ਹੀਦੀਆਂ ਦਿਤੀਆਂ ਹਨ । ਫਾਂਸੀ ਦੇ ਤਖਤੇ ਤੋਂ ਲਾਇਆ ਗਿਆ ਉਹਨਾਂ ਦਾ "ਇਨਕਲਾਬ ਜ਼ਿੰਦਾਬਾਦ !" ਦਾ ਨਾਹਰਾ ਅੱਜ ਆਪਣੇ ਹੱਕਾਂ ਤੇ ਮੁਕਤੀ ਲਈ ਜੂਝ ਰਹੇ ਹਿੰਦੁਸਤਾਨ ਦੇ ਲੱਖਾਂ ਕਰੋੜਾਂ ਲੋਕਾਂ ਦੀ ਆਵਾਜ਼ ਬਣ ਚੁਕਿਆ ਹੈ । ਜੇ ਇਹਨਾਂ ਸਚਾਈਆਂ ਦੇ ਸਾਹਮਣੇ ਵੀ ਸੇਖੋਂ ਨੂੰ ਭਗਤ ਸਿੰਘ ਲਹਿਰਾਂ ਨਾਲੋਂ ਟੁਟਿਆ ਹੋਇਆ ਆਤੰਕਵਾਦੀ ਲੱਗਦਾ ਹੈ, ਜਿਸਦੀ ਵਿਚਾਰਧਾਰਾ ਨੂੰ ਲੋਕਾਂ ਨੇ ਨਹੀਂ ਅਪਣਾਇਆ ਤਾਂ ਇਹ ਸੇਖੋਂ ਦੀ ਬੁਰਜੂਆ ਹਾਕਮ ਜਮਾਤ ਪ੍ਰਤੀ ਵਫਾਦਾਰੀ ਹੀ ਹੈ । ਸੇਖੋਂ ਜੋ ਕਹਿੰਦਾ ਹੈ ਕਿ ਕੱਲ੍ਹ ਨੂੰ ਜੋ ਇਤਿਹਾਸ ਲਿਖਿਆ ਜਾਵੇਗਾ ਤਾਂ ਭਗਤ ਸਿੰਘ ਤੇ ਊਧਮ ਸਿੰਘ ਦੀਆਂ ਸ਼ਹੀਦੀਆਂ ਨੂੰ ਕੋਈ ਅਹਿਮ ਥਾਂ ਨਹੀਂ ਮਿਲੇਗੀ ਤਾਂ ਇੰਝ ਲੱਗਦਾ ਹੈ ਜਿਵੇਂ ਇਤਿਹਾਸ ਲਿਖਣ ਦਾ ਠੇਕਾ ਸੇਖੋਂ ਦਾ ਹੈ ।

ਸੇਖੋਂ ਨੇ ਅਜਿਹੀਆਂ ਗੱਲਾਂ ਕਰਕੇ ਕੋਈ ਅਚੰਭੇ ਭਰੀ ਗੱਲ ਨਹੀਂ ਕੀਤੀ । ਸਗੋਂ ਉਸਦੀ ਅਸਲੀਅਤ ਹੀ ਸਾਹਮਣੇ ਆਈ ਹੈ । ਸੇਖੋਂ ਦੀ ਕਿਸਮ ਦੇ ਜੇ ਹਰ ਇਕ ਨਹੀਂ ਤਾਂ ਲਗਭਗ ਹਰ ਬੁੱਧੀਜੀਵੀ ਦੇ ਵਿਕੇ ਹੋਏ ਸਿਰ ਵਿਚ ਇਸ ਤਰ੍ਹਾਂ ਦੀ ਬਦਮਾਸ਼ੀ ਛੁਪੀ ਹੋਈ ਹੁੰਦੀ ਹੈ ਜੋ ਵਕਤ ਆਉਣ ਤੇ ਬਾਹਰ ਆ ਜਾਂਦੀ ਹੈ ।

—ਸੁਖਪਾਲ ਸਿੰਘ ਸ਼ਿਮਲਾ

ਪ੍ਰਵੇਸ਼ ਅੰਕ ਵਿਚ ਸਮਤਾ ਦੇ ਸਾਲ ਵਿਚ ਤਿੰਨ ਚਾਰ ਅੰਕ ਕੱਢਣ ਦਾ ਐਲਾਨ ਬੜਾ ਵਧੀਆ ਸੀ । ਕਿਉਂਕਿ ਇਸ ਤਰ੍ਹਾਂ ਲੋਕ-ਦੋਖੀ ਪਰਚਿਆਂ ਦੇ ਬਾਰਾਂ ਬਾਰਾਂ ਅੰਕ ਇਹਨਾਂ (ਸਮਤਾ ਦੇ) ਤਿੰਨ ਚਾਰ ਅੰਕਾਂ ਸਾਹਮਣੇ ਨੀਵੀਆਂ ਪਾਈ ਖੜ੍ਹੇ ਹੁੰਦੇ । ਸਾਹਿਤ ਦੇ ਨਾਲ ਨਾਲ ਦੂਜੀਆਂ ਕਲਾਵਾਂ ਦਾ ਵੀ ਲੋਕ ਚੇਤਨਾ ਨੂੰ ਪ੍ਰਚੰਡ ਕਰਨ ਵਿਚ ਬੜਾ ਅਹਿਮ ਰੋਲ ਹੁੰਦਾ ਏ । ਇਸ ਲਈ ਲੋਕ ਕਲਾਕਾਰਾਂ ਦੀਆਂ ਕਲਾ ਕ੍ਰਿਤੀਆਂ ਨੂੰ ਸਮਤਾ ਵਿਚ ਥਾਂ ਜ਼ਰੂਰ ਮਿਲਣੀ ਚਾਹੀਦੀ ਹੈ।

ਪ੍ਰਵੇਸ਼ ਅੰਕ (ਜਿਸ ਵਿਚ ਸਿਧਾਰਥ ਦਾ ਇਕ ਚਿੱਤਰ ਛਪਿਆ ਸੀ) ਤੋਂ ਬਾਦ ਇਹ ਘਾਟ ਬੜੀ ਬੁਰੀ ਤਰ੍ਹਾਂ ਰੜਕੀ ਹੈ।

'ਇਹ ਹਮਾਰਾ ਜੀਵਣਾ' ਕਾਲਮ ਥਲੇ 'ਨਾਗ਼ਾਲੈਂਡ ਅਤੇ ਦਿੱਲੀ ਦੇ ਹਾਕਮ' ਵਿਚਲੇ ਲੇਖ ਦੀਆਂ ਅਖੀਰਲੀਆਂ ਤਿੰਨ ਸਤਰਾਂ ਗੁਰਸ਼ਰਨ ਭਾ ਜੀ ਵਲੋਂ ਹਾਕਮ ਜਮਾਤ ਦੇ ਲੋਟੂ ਕਿਰਦਾਰ ਨੂੰ ਅੱਖੋਂ ਉਹਲੇ ਕਰਕੇ ਲਿਖੀਆਂ ਲਗਦੀਆਂ ਨੇ। ਕੀ ਇਸ ਸਰਕਾਰ ਦੇ ਜਮਾਤੀ ਖਾਸੇ ਨੂੰ ਮੱਦੇ ਨਜ਼ਰ ਰੱਖਕੇ ਇਸ ਤੋਂ ਇਹ ਆਸ ਕੀਤੀ ਜਾ ਸਕਦੀ ਹੈ ਕਿ ਇਹ ਦਮਨ ਮਸ਼ੀਨਰੀ ਅਤੇ ਫੌਜੀ ਖਰਚਿਆਂ ਨੂੰ ਘਟਾ ਕੇ ਦੇਸ਼ ਦੀ ਦੌਲਤ ਨੂੰ ਭੁਖੇ ਨੰਗਿਆਂ ਵਾਸਤੇ ਖਰਚ ਕਰੇਗੀ ?

ਸੇਖੋਂ ਸਾਹਿਬ ਦੀ ਵਿਦਵਤਾ ਦੇ ਵਾਰੇ ਵਾਰੇ ਜਾਈਏ ਜੀਹਨੂੰ 'ਸ਼ਹੀਦ' ਤੇ 'ਮਰੇ ਹੋਏ' ਵਿੱਚ ਫਰਕ ਦਾ ਨਹੀਂ ਪਤਾ। ਵੀਰ 'ਚੰਦਨ' ਵਲੋਂ ਸੰਪਾਦਕ 'ਦੇਸ ਪ੍ਰਦੇਸ' ਨੂੰ ਲਿਖੀ ਚਿੱਠੀ, ਚੰਗਾ ਹੁੰਦਾ ਜੇ 'ਸਮਤਾ' ਵਿਚ ਵੀ ਛਾਪ ਦੇਂਦੇ।

[ਦਰਸ਼ਨ ਸਿੰਘ ਨੰਗਲ ਕਲਾਂ (ਬਠਿੰਡਾ)

–ਸੰਤ ਸਿੰਘ ਸੇਖੋਂ ਨੇ ਦੇਸ਼ ਪ੍ਰਦੇਸ਼ ਨਾਲ ਆਪਣੀ ਮੁਲਾਕਾਤ ਦੌਰਾਨ ਇਸ ਸਦੀ ਦੇ ਉਘੇ ਲੋਕ ਨਾਇਕਾਂ ਸ: ਭਗਤ ਸਿੰਘ ਅਤੇ ਸ: ਊਧਮ ਸਿੰਘ (ਕੌਮੀ ਸ਼ਹੀਦਾਂ) ਬਾਰੇ ਜੋ ਬੇ-ਹੂਦਾ ਬਕਵਾਸ ਕੀਤਾ ਹੈ। ਉਸ ਦੀ ਜਿੰਨੀ ਵੀ ਨਖੇਧੀ ਕੀਤੀ ਜਾਵੇ ਥੋੜ੍ਹੀ ਹੈ। ਸ਼ਹੀਦ ਭਗਤ ਸਿੰਘ ਉੱਘਾ ਮਾਰਕਸਵਾਦੀ ਸੀ ਪਰ ਉਸ ਦਾ ਇਹ ਪੱਖ ਹਾਲੇ ਤੱਕ ਲੋਕਾਂ ਵਿਚ ਘੱਟ ਗਿਆ ਹੈ। ਭਾਵੇਂ ਭਗਤ ਸਿੰਘ ਦੀ ਮਹਾਨ ਲਿਖਤ ਜੋ ਅੱਜ ਤਕ ਅਣਗੌਲੀ ਪਈ ਰਹੀ (ਮੈਂ ਨਾਸਤਿਕ ਕਿਉਂ ਹਾਂ) ਭਗਤ ਸਿੰਘ ਦੀ ਆਪਣੀ ਸਿਰਜੀ ਜਥੇਬੰਦੀ ਨੌਜਵਾਨ ਭਾਰਤ ਸਭਾ (ਜਿਸ ਦਾ ਪਹਿਲਾ ਜਨਰਲ ਸਕੱਤ੍ਰ ਸ਼ਹੀਦ ਭਗਤ ਸਿੰਘ ਸੀ) ਦੇ ਬੁਲਾਰੇ "ਨੌਜਵਾਨ ਲਹਿਰ" ਅਤੇ ਸ਼ਹੀਦ ਭਗਤ ਸਿੰਘ ਹੱਥ ਖੋਜ ਕਮੇਟੀ ਗੁਰੂ ਖਾਲਸਾ ਨਿਵਾਸ ਖਾਲਸਾ ਕਾਲਜ ਅੰਮ੍ਰਿਤਸਰ ਨੇ ਛਾਪ ਕੇ ਇਸ ਘਾਟ ਨੂੰ ਪੂਰਾ ਕਰਨ ਦਾ ਯਤਨ ਕੀਤਾ ਹੈ।

ਸੱਤਰੇ ਬਹੱਤਰੇ ਸੰਤ ਸਿੰਘ ਸੇਖੋਂ ਨੂੰ ਚਾਹੀਦਾ ਹੈ ਕਿ ਉਹ ਸ਼ਹੀਦ ਭਗਤ ਸਿੰਘ ਦਾ ਫਾਂਸੀ ਦੇ ਤੱਖਤੇ ਤੋਂ ਲਿਖਿਆ ਲੇਖ (ਮੈਂ ਨਾਸਤਿਕ ਕਿਉਂ ਹਾਂ) ਅਤੇ ਇਸੇ ਲੇਖ ਦੀ ਭੂਮਿਕਾ (ਡਰੀਮਲੈਂਡ ਦੀ ਭੂਮਿਕਾ) ਜੋ ਪ੍ਰਸਿੱਧ ਇਤਿਹਾਸਕਾਰ ਪ੍ਰੋ: ਬਿਪਨ ਚੰਦਰ ਨੇ ਲਿਖੀ ਹੈ। ਪੜ੍ਹ ਲੈਣੀ ਚਾਹੀਦੀ ਹੈ। ਤਾਂ ਜੋ ਉਸਨੂੰ ਭਗਤ ਸਿੰਘ ਬਾਰੇ ਚੋਣ ਚਾਨਣ ਹੋ ਜਾਵੇ।

ਹੁਣ ਸਵਾਲ ਇਹ ਉੱਠਦਾ ਹੈ। ਕਿ ਭਗਤ ਸਿੰਘ ਦੀਆਂ ਲਿਖਤਾਂ ਨੂੰ ਕੌਣ ਛਾਪਦਾ ? ਭਗਤ ਸਿੰਘ ਨੂੰ ਕੌਣ ਚੁਣਦਾ ? ਭਗਤ ਸਿੰਘ ਦਾ ਮਾਰਕਸਵਾਦੀ ਪੱਖ ਕੌਣ ਸਪੱਸ਼ਟ ਕਰਦਾ ਹਿੰਦੁਸਤਾਨ ਦੇ ਅਖੌਤੀ ਕੌਮਨਿਸਟਾਂ ਨੇ ਹੀ ਕਰਨਾ ਸੀ ਉਹ ਖੁਦ ਅੱਜ ਤਾਈਂ ਹਾਕਮ ਜਮਾਤਾਂ ਦੀ ਇਕ ਜਾਂ ਦੂਜੀ ਧਿਰ ਦੇ ਕੁੱਛੜ ਚੜ੍ਹ ਕੇ ਆਪਣੀ ਦੀਵਾਲੀਆ ਸਿਆਸਤ ਦਾ ਢੰਡੋਰਾ ਪਿੱਟਦੇ ਰਹੇ ਹਨ। ਅਤੇ ਇਹ ਕੁਝ ਹੀ ਸੇਖੋਂ ਬਾਰੇ ਨਕਲੀ ਮਾਰਕਸਵਾਦੀਏ ਆਏ ਸਾਲ ਭਗਤ ਸਿੰਘ ਦੇ ਸ਼ਹੀਦੀ ਦਿਨ ਤੇ ਖਟਕੜੀਂ ਦੀਵਾਨ ਲਾ ਕੇ ਕਰਦੇ ਹਨ।

[ਪਰਮਜੀਤ ਦੇਹਲ ਗੁਲਪੁਰ (ਹੁਸ਼ਿਆਰਪੁਰ)

– ਸਮਤਾ ਦੀ ਵਿਲਖਣਤਾ ਹਰ ਮਹੀਨੇ ਨਾਟਕ ਦਾ ਛਪਣਾ ਤੇ ਇਹ ਹਮਾਰਾ ਜੀਵਣਾ ਕਾਲਮ ਹਨ। ਮਹਾਸਵੇਤਾ ਦੇਵੀ ਦਾ ਲੇਖ ਇਕ ਪ੍ਰਸ਼ਨ ਚਿੰਨ ਹੈ ਜਿਸਨੂੰ ਵਿਚਾਰਨਾ ਹਰ ਸੁਚੇਤ ਮਨੁੱਖ ਦਾ ਫਰਜ਼ ਹੈ।

ਕਈ ਕਾਮਰੇਡ ਤਾਂ ਧਕੇਸ਼ਾਹੀ ਨਾਲ ਹੀ ਇਸਦਾ ਬੌਧਿਕ ਪੱਧਰ ਥੱਲੇ ਕਰਨ ਨੂੰ ਫਿਰਦੇ ਨੇ–ਜਿਵੇਂ ਬੌਧਿਕ ਪੱਧਰ ਉੱਚਾ ਕਰਨਾ ਮਾਰਕਸਵਾਦ ਦੀ ਹੱਤਕ ਹੋਵੇ। ਬਹਾਨਾ ਉਹੀ ਕਿ ਲੋਕਾਂ ਦਾ ਬੌਧਿਕ ਪੱਧਰ ਉੱਚਾ ਨਹੀਂ-ਬਈ ਜੇਕਰ ਲੋਕਾਂ ਦਾ ਬੌਧਿਕ ਪੱਧਰ ਨੀਵਾਂ ਹੈ ਤਾਂ ਔਖੇ ਸੌਖੇ ਉਹਨੂੰ ਉੱਚਾ ਕਰ ਲੈਂਦੇ ਹਾਂ ਨਾ ਕਿ ਆਪ ਕੌਡੇ ਹੋਈ ਜਾਈਏ।

[ਗੁਰਪ੍ਰੀਤ ਮਾਹਲ

Regi.. ered with Registrar of News Paper Vide .. o. MA/I/2397—D dated 14.8.8..


## ਸਾਡੀਆਂ ਚੋਣਵੀਆਂ ਨਵ-ਪ੍ਰਕਾਸ਼ਤ ਪੰਜਾਬੀ ਪੁਸਤਕਾਂ

| | | |
|---|---|---|
| ਗੀਤਾਂਜਲੀ ਦੇ ਗੀਤ (ਅਨੁਵਾਦ) | ਭਗਵਾਨ ਸਿੰਘ ਸੈਨੀ | ਪੰਦਰਾਂ ਰੁਪਏ |
| ਵਿਲੱਖਣ-ਪ੍ਰੀਤ (ਨਾਵਲ) | ਪ੍ਰੋ: ਚਾਨਣ ਸਿੰਘ ਨਿਰਮਲ | ਦਸ ਰੁਪਏ |
| ਨਿਰੰਕਾਰੀ ਨੂਰ (ਲਲਿਤ ਲੇਖ) | ,, | ਦਸ ਰੁਪਏ |
| ਪੋਟਾ ਪੋਟਾ ਦਰਦ (ਨਾਵਲ) | ਮੋਹਨ ਲਾਲ | ਦਸ ਰੁਪਏ |
| ਆਪਣੀ ਛਾਵੇਂ ਬੈਠਾ (ਗ਼ਜ਼ਲ) | ਜਸਬੀਰ ਜ਼ਮੀਰ | ਦਸ ਰੁਪਏ |
| ਕਤਰਾ ਕਤਰਾ ਸੱਚ (ਕਹਾਣੀਆਂ) | ਰਾਜਿੰਦਰ ਬਿਮਲ | ਦਸ ਰੁਪਏ |
| ਧਰਤੀ ਤਾਂਬਾ ਹੋ ਗਈ (ਕਵਿਤਾ) | ਜਗੀਰ ਸੰਧਰ | ਦਸ ਰੁਪਏ |
| ਚਿੜੀਆ-ਖਾਨਾ (ਕਹਾਣੀਆਂ) | ਬਲਦੇਵ ਸਿੰਘ | ਦਸ ਰੁਪਏ |
| ਸੀਸ ਤਲੀ 'ਤੇ (ਨਾਟਕ) | ਗੁਰਸ਼ਰਨ ਸਿੰਘ | ਦਸ ਰੁਪਏ |
| ਜਿਸ ਤਨ ਲਾਗੇ (ਗ਼ਜ਼ਲ) | ਪਾਲ ਗੁਰਦਾਸਪੁਰੀ | ਦਸ ਰੁਪਏ |
| ਆਸਾ ਦੀ ਵਾਰ [ਚਿੰਤਨ ਤੇ ਕਲਾ] (ਆਲੋਚਨਾ) | ਡਾ: ਬਿਕਰਮ ਸਿੰਘ ਘੁੰਮਣ | ਤੀਹ ਰੁਪਏ |

ਵਧੀਆ ਪੰਜਾਬੀ ਦੀਆਂ ਪੁਸਤਕਾਂ ਛਪਵਾਉਣ ਲਈ ਹੇਠ ਲਿਖੇ ਪਤੇ 'ਤੇ ਸੰਪਰਕ ਕਰੋ।

### ਜੱਸਾ ਸਿੰਘ ਰਾਮਗੜ੍ਹੀਆ

ਦਾ ਸੰਪੂਰਨ ਇਤਿਹਾਸ

ਬਖਸ਼ੀ ਸਿੰਘ 'ਆਦਿਲ'

ਸਾਧਾਰਨ ਐਡੀਸ਼ਨ : ਪੰਦਰਾਂ ਰੁਪਏ

ਲਾਇਬ੍ਰੇਰੀ ਐਡੀਸ਼ਨ : ਵੀਹ ਰੁਪਏ

□

### ਮਿੱਟੀ ਦੇ ਬੋਲ

ਕਵਿਤਾਵਾਂ

ਹਰਨਾਮ ਸਿੰਘ 'ਨਾਜ਼'

ਮੁਲ : ਦਸ ਰੁਪਏ

□

### ਭਰੇ ਪੀਤੇ

ਗ਼ਜ਼ਲ

ਅਮਰ ਚਿੱਤਰਕਾਰ

ਮੁਲ : ਪੰਦਰਾਂ ਰੁਪਏ

### ਸਾਗਰ ਦੇ ਮੋਤੀ

ਆਲੋਚਨਾ

ਪ੍ਰੋ: ਚਾਨਣ ਸਿੰਘ 'ਨਿਰਮਲ'

ਪ੍ਰੀ-ਯੂਨੀਵਰਸਿਟੀ ਦੇ ਕੋਰਸ ਮੁਤਾਬਿਕ

ਮੁਲ : ਪੰਦਰਾਂ ਰੁਪਏ

□

### ਗ਼ਜ਼ਲ ਕੀ ਹੈ ?

ਦੀਪਕ 'ਜੈਤੋਈ'

ਮੁਲ : ਪੈਂਤੀ ਰੁਪਏ

□

### ਮੁਖਬੰਦ

ਪੰਜਾਬੀ ਦੇ ਪ੍ਰਸਿੱਧ ਲੇਖਕ

ਹਰਭਜਨ ਸਿੰਘ ਕੋਮਲ ਦਾ ਤੀਜਾ ਕਾਵਿ ਸੰਗ੍ਰਹਿ

ਸਾਧਾਰਨ ਐਡੀਸ਼ਨ : ਦਸ ਰੁਪਏ

ਲਾਇਬ੍ਰੇਰੀ ਐਡੀਸ਼ਨ : ਪੰਦਰਾਂ ਰੁਪਏ

ਇਹ ਤੇ ਹੋਰ ਚੰਗੀਆਂ ਕਿਤਾਬਾਂ ਮੰਗਵਾਉਣ ਲਈ ਸਦਾ ਯਾਦ ਰਖੋ।

**PUBLISHERS & LIBRARY SUPPLIRS**

## ਲਿਟਰੇਚਰ ਹਾਊਸ ਪੁਤਲੀ ਘਰ ਅੰਮ੍ਰਿਤਸਰ।